ਦਲਾਈ ਲਾਮਾ ਦੀ ਆਤਮਕਥਾ

-10-

ਚੀਨੀ ਅੱਖ ਦਾ ਕੰਡਾ

ਅਤੇ ਸੇਰਿੰਗ ਡੋਲਮਾ ਦਾ ਵੀ 1964 ਵਿੱਚ ਦੇਹਾਂਤ ਹੋ ਗਿਆ। ਉਸਦਾ ਕੰਮ ਸਾਡੀ ਛੋਟੀ ਭੈਣ ਜੇਤਸੁਨ ਪੇਮਾ ਨੇ ਸੰਭਾਲ ਲਿਆ ਜੋ ਬਰਾਬਰ ਬਹਾਦਰ ਅਤੇ ਦ੍ਰਿੜ ਸਾਬਤ ਹੋਈ। ਅੱਜ ਧਰਮਸ਼ਾਲਾ ਵਿੱਚ ਤਿੱਬਤੀ ਬੱਚਿਆਂ ਦੇ ਪਿੰਡ ਦੇ ਇੱਕ ਹਿੱਸੇ ਵਜੋਂ ਨਰਸਰੀ ਵਧ-ਫੁੱਲ ਰਹੀ ਹੈ। ਤਿੱਬਤੀ ਬੱਚਿਆਂ ਦਾ ਪਿੰਡ, ਜਿਸਦੀਆਂ ਸ਼ਾਖਾਵਾਂ ਪੂਰੇ ਭਾਰਤ ਵਿੱਚ ਹਨ, ਲਗਭਗ ਛੇ ਹਜ਼ਾਰ ਬੱਚਿਆਂ ਨੂੰ ਪਨਾਹ ਅਤੇ ਸਿੱਖਿਆ ਦਿੰਦੀ ਹੈ, ਜਿਨ੍ਹਾਂ ਵਿੱਚੋਂ ਪੰਦਰਾਂ ਸੌ ਧਰਮਸ਼ਾਲਾ ਵਿੱਚ ਹਨ। ਹਾਲਾਂਕਿ ਸ਼ੁਰੂ ਵਿੱਚ ਫੰਡ ਜ਼ਿਆਦਾਤਰ ਭਾਰਤ ਸਰਕਾਰ ਦੁਆਰਾ ਪ੍ਰਦਾਨ ਕੀਤੇ ਜਾਂਦੇ ਸਨ, ਹੁਣ ਜ਼ਿਆਦਾਤਰ ਖਰਚਾ ਐਸ.ਓ.ਐਸ. ਇੰਟਰਨੈਸ਼ਨਲ ਦੁਆਰਾ ਸਹਿਣ ਕੀਤਾ ਜਾਂਦਾ ਹੈ। ਤੀਹ ਸਾਲਾਂ ਬਾਅਦ ਸਿੱਖਿਆ ਦੇ ਖੇਤਰ ਵਿੱਚ ਸਾਡੇ ਯਤਨਾਂ ਦੇ ਨਤੀਜੇ ਦੇਖ ਕੇ ਖੁਸ਼ੀ ਹੁੰਦੀ ਹੈ। ਅੱਜ ਦੋ ਹਜ਼ਾਰ ਤੋਂ ਵੱਧ ਸ਼ਰਨਾਰਥੀ ਬੱਚੇ ਉੱਚ ਸਿੱਖਿਆ ਦੇ ਸਕੂਲਾਂ ਵਿੱਚ ਆਪਣੀ ਪੜ੍ਹਾਈ ਪੂਰੀ ਕਰ ਚੁੱਕੇ ਹਨ। ਜ਼ਿਆਦਾਤਰ ਭਾਰਤ ਵਿੱਚ ਹਨ, ਜਦੋਂ ਕਿ ਪੱਛਮ ਵਿੱਚ ਇਹ ਗਿਣਤੀ ਲਗਾਤਾਰ ਵੱਧ ਰਹੀ ਹੈ। ਨਹਿਰੂ ਜੀ ਦੇ ਇਸ ਨਿਰੀਖਣ ਨੂੰ ਧਿਆਨ ਵਿੱਚ ਰੱਖਦੇ ਹੋਏ ਕਿ ਬੱਚੇ ਸਾਡਾ ਅਨਮੋਲ ਸਰੋਤ ਹਨ, ਮੈਂ ਸਿੱਖਿਆ ਪ੍ਰੋਗਰਾਮ ਵਿੱਚ ਡੂੰਘੀ ਦਿਲਚਸਪੀ ਲਈ।

ਉਨ੍ਹਾਂ ਸ਼ੁਰੂਆਤੀ ਦਿਨਾਂ ਵਿੱਚ ਸਕੂਲ ਵਿੱਚ ਖੰਡਰ ਇਮਾਰਤਾਂ ਸਨ ਜਿਨ੍ਹਾਂ ਵਿੱਚ ਭਾਰਤੀ ਅਧਿਆਪਕ ਬੱਚਿਆਂ ਦੇ ਵੱਖ-ਵੱਖ ਸਮੂਹਾਂ ਨੂੰ ਪੜ੍ਹਾਉਂਦੇ ਸਨ। ਹੁਣ ਸਾਡੇ ਕੋਲ ਤਿੱਬਤੀ ਸਟਾਫ਼ ਦੀ ਚੰਗੀ ਗਿਣਤੀ

ਹੈ। ਪਰ ਅੱਜ ਵੀ ਬਹੁਤ ਸਾਰੇ ਭਾਰਤੀ ਸਿੱਖਿਆ ਸ਼ਾਸਤਰੀ ਇਸ ਨਾਲ ਜੁੜੇ ਹੋਏ ਹਨ। ਮੈਂ ਉਨ੍ਹਾਂ ਸਾਰੇ ਮਰਦਾਂ ਅਤੇ ਔਰਤਾਂ ਦਾ ਤਹਿ ਦਿਲੋਂ ਧੰਨਵਾਦੀ ਹਾਂ ਜਿਨ੍ਹਾਂ ਨੇ ਸਿੱਖਿਆ ਨੂੰ ਅਤੇ ਆਪਣੇ ਪੂਰਵਜਾਂ ਨੂੰ ਆਪਣੀਆਂ ਜਾਨਾਂ ਦਿੱਤੀਆਂ ਹਨ। ਉਨ੍ਹਾਂ ਨੇ ਦੂਰ-ਦੁਰਾਡੇ ਇਲਾਕਿਆਂ ਦੀ ਸਿੱਖਿਆ ਵਿੱਚ ਬਹੁਤ ਵੱਡਾ ਯੋਗਦਾਨ ਪਾਇਆ ਹੈ। ਉਨ੍ਹਾਂ ਨੇ ਸਭ ਤੋਂ ਮਾੜੇ ਹਾਲਾਤਾਂ ਵਿੱਚ ਮੇਰੇ ਲੋਕਾਂ ਦੀ ਸੇਵਾ ਵਿੱਚ ਆਪਣਾ ਜੀਵਨ ਸਮਰਪਿਤ ਕੀਤਾ।

ਇੱਕ ਨਕਾਰਾਤਮਕ ਪਹਿਲੂ ਇਹ ਸੀ ਕਿ ਬਦਕਿਸਮਤੀ ਨਾਲ ਬਹੁਤ ਸਾਰੇ ਬੱਚੇ, ਖਾਸ ਕਰਕੇ ਕੁੜੀਆਂ, ਆਪਣੀ ਸਿੱਖਿਆ ਪੂਰੀ ਨਹੀਂ ਕਰ ਸਕੀਆਂ। ਕਈ ਵਾਰ ਇਹ ਉਨ੍ਹਾਂ ਦੀ ਆਪਣੀ ਰੁਚੀ ਨ ਹੋਣ ਕਰਕੇ ਹੁੰਦਾ ਸੀ ਅਤੇ ਕਈ ਵਾਰ ਉਨ੍ਹਾਂ ਦੇ ਮਾਪਿਆਂ ਦੀ ਦੂਰਦਰਸ਼ੀ ਨਾ ਹੋਣ ਕਾਰਨ। ਜਦੋਂ ਵੀ ਮੈਨੂੰ ਮੌਕਾ ਮਿਲਦਾ ਸੀ, ਮੈਂ ਉਨ੍ਹਾਂ ਦੇ ਮਾਪਿਆਂ ਨੂੰ ਕਹਿੰਦਾ ਸੀ ਕਿ ਉਨ੍ਹਾਂ ਦੀ ਜ਼ਿੰਮੇਵਾਰੀ ਬਹੁਤ ਵੱਡੀ ਹੈ ਅਤੇ ਉਨ੍ਹਾਂ ਨੂੰ ਥੋੜ੍ਹੇ ਸਮੇਂ ਦੇ ਲਾਭ ਲਈ (ਘਰ ਵਾਸਤੇ) ਆਪਣੇ ਬੱਚਿਆਂ ਦੇ ਨਾਜ਼ੁਕ ਹੱਥਾਂ ਦੀ ਮਦਦ ਨਹੀਂ ਲੈਣੀ ਚਾਹੀਦੀ। ਨਹੀਂ ਤਾਂ ਅੱਧ-ਪੜ੍ਹੇ ਬੱਚਿਆਂ ਦੀ ਇੱਕ ਫ਼ਸਲ ਉੱਗ ਖੜੀ ਹੋਵੇਗੀ ,

ਜਿਨ੍ਹਾਂ ਨੂੰ ਬਹੁਤ ਸਾਰੇ ਚੰਗੇ ਮੌਕੇ ਮਿਲਣਗੇ ਪਰ ਸਿੱਖਿਆ ਦੀ ਘਾਟ ਕਾਰਨ ਉਨ੍ਹਾਂ ਦਾ ਫਾਇਦਾ ਨਹੀਂ ਉਠਾ ਸਕਣਗੇ। ਇਸ ਨਾਲ ਅਸੰਤੁਸ਼ਟੀ ਅਤੇ ਲਾਲਚ ਪੈਦਾ ਹੋਵੇਗਾ।

ਲਾਲ ਬਹਾਦਰ ਸ਼ਾਸਤਰੀ , ਨਹਿਰੂ ਜੀ ਤੋਂ ਬਾਅਦ ਭਾਰਤ ਦੇ ਅਗਲੇ ਪ੍ਰਧਾਨ ਮੰਤਰੀ ਬਣੇ। ਤਿੰਨ ਸਾਲ ਤੋਂ ਵੀ ਘੱਟ ਸਮੇਂ ਲਈ ਸੱਤਾ ਵਿੱਚ ਰਹਿਣ ਦੇ ਬਾਵਜੂਦ, ਮੈਂ ਉਨ੍ਹਾਂ ਨੂੰ ਕਈ ਵਾਰ ਮਿਲਿਆ ਅਤੇ

ਉਨ੍ਹਾਂ ਦਾ ਸਤਿਕਾਰ ਕਰਨ ਲੱਗ ਪਿਆ। ਨਹਿਰੂ ਜੀ ਵਾਂਗ, ਸ਼ਾਸਤਰੀ ਵੀ ਤਿੱਬਤੀ ਸ਼ਰਨਾਰਥੀਆਂ ਪ੍ਰਤੀ ਹਮਦਰਦ ਸਨ। ਹਾਂ, ਉਹ ਨਹਿਰੂ ਨਾਲੋਂ ਵੱਧ ਸਾਡੇ ਰਾਜਨੀਤਿਕ ਦੋਸਤ ਸਨ।

ਥਾਈਲੈਂਡ, ਫਿਲੀਪੀਨਜ਼, ਮਾਲਟਾ, ਆਇਰਲੈਂਡ, 1965 ਦੀ ਸਰਦ ਰੁੱਤ ਵਿੱਚ, ਮਲੇਸ਼ੀਆ, ਨਿਕਾਰਾਗੁਆ ਅਤੇ ਅਲ ਸਲਵਾਡੋਰ ਦੁਆਰਾ ਪੇਸ਼ ਕੀਤੇ ਗਏ ਪ੍ਰਸਤਾਵਾਂ ਕਾਰਨ ਸੰਯੁਕਤ ਰਾਸ਼ਟਰ ਵਿੱਚ ਤਿੱਬਤ ਦੀ ਫਿਰ ਚਰਚਾ ਹੋਈ। ਇਸ ਵਾਰ ਭਾਰਤ ਨੇ ਸ਼ਾਸਤਰੀ ਜੀ ਦੇ ਜ਼ੋਰ 'ਤੇ ਤਿੱਬਤ ਦੇ ਹੱਕ ਵਿੱਚ ਵੋਟ ਦਿੱਤੀ। ਸ਼ਾਸਤਰੀ ਜੀ ਦੇ ਕਾਰਜਕਾਲ ਦੌਰਾਨ, ਅਜਿਹਾ ਲੱਗ ਰਿਹਾ ਸੀ ਕਿ ਨਵੀਂ ਭਾਰਤ ਸਰਕਾਰ ਜਲਾਵਤਨ ਤਿੱਬਤੀ ਸਰਕਾਰ ਨੂੰ ਮਾਨਤਾ ਦੇਵੇਗੀ। ਪਰ ਅਫ਼ਸੋਸ, ਪ੍ਰਧਾਨ ਮੰਤਰੀ ਜ਼ਿਆਦਾ ਦੇਰ ਤੱਕ ਨਹੀਂ ਰਹੇ। ਇਸ ਦੌਰਾਨ, ਭਾਰਤ ਇੱਕ ਵਾਰ ਫਿਰ ਜੰਗ ਵਿੱਚ ਉਲਝ ਗਿਆ। ਇਸ ਵਾਰ ਪਾਕਿਸਤਾਨ ਨਾਲ ਜੰਗ ਸ਼ੁਰੂ ਹੋ ਗਈ। ਸਤੰਬਰ 1965 ਵਿੱਚ।

ਕਿਉਂਕਿ ਧਰਮਸ਼ਾਲਾ ਭਾਰਤ-ਪਾਕਿਸਤਾਨ ਸਰਹੱਦ ਤੋਂ ਸੌ ਮੀਲ ਤੋਂ ਵੀ ਘੱਟ ਦੂਰੀ 'ਤੇ ਹੈ, ਇਸ ਲਈ ਮੈਂ ਜੰਗ ਦੇ ਦੁਖਦਾਈ ਪ੍ਰਭਾਵਾਂ ਨੂੰ ਦੇਖਣ ਦੇ ਯੋਗ ਸੀ। ਲੜਾਈ ਸ਼ੁਰੂ ਹੋਣ ਤੋਂ ਬਹੁਤ ਦੇਰ ਬਾਅਦ ਹੀ ਮੈਂ ਦੱਖਣ ਵਿੱਚ ਬਸਤੀਆਂ ਦੇ ਦੌਰੇ 'ਤੇ ਨਿਕਲ ਪਿਆ। ਰਾਤ ਸੀ ਅਤੇ ਅੰਧਕਾਰ ਸੀ। ਸਾਨੂੰ ਪਠਾਨਕੋਟ ਰੇਲਵੇ ਸਟੇਸ਼ਨ ਤੱਕ ਤਿੰਨ ਮੀਲ ਦਾ ਰਸਤਾ ਹੈੱਡਲਾਈਟਾਂ ਜਗਾਏ ਬਿਨਾਂ ਤੈਅ ਕਰਨਾ ਪਿਆ। ਸੜਕ 'ਤੇ ਸਿਰਫ਼ ਫੌਜੀ ਗੱਡੀਆਂ ਹੀ ਸਨ ਅਤੇ ਮੈਂ ਸੋਚ ਰਿਹਾ ਸੀ ਕਿ ਕਿੰਨੀ ਬਦਕਿਸਮਤੀ ਵਾਲੀ ਗੱਲ ਹੈ ਕਿ ਆਮ ਨਾਗਰਿਕ ਨੂੰ ਪਿੱਛੇ ਲੁਕ ਲਿਆ ਜਾਂਦਾ ਹੈ ਅਤੇ 'ਸੁਰੱਖਿਆ ਬਲਾਂ' ਨੂੰ ਅੱਗੇ ਰੱਖਿਆ ਕਰ ਦਿੱਤਾ ਜਾਂਦਾ ਹੈ। ਅਸਲੀਅਤ ਵਿੱਚ, ਉਹ ਵੀ ਇਨਸਾਨ ਹਨ - ਮੇਰੇ ਵਰਗੇ ਇਨਸਾਨ।

ਜਦੋਂ ਅਸੀਂ ਇੱਕ ਔਖੇ ਸਫ਼ਰ ਤੋਂ ਬਾਅਦ ਅਖੀਰ ਰੇਲਵੇ ਸਟੇਸ਼ਨ ਪਹੁੰਚੇ, ਤਾਂ ਨੇੜਲੇ ਪਠਾਨਕੋਟ ਹਵਾਈ ਅੱਡੇ 'ਤੇ ਬਹੁਤ ਬੰਬਾਰੀ ਹੋਈ। ਇੱਕ ਸਮੇਂ ਮੈਂ ਉੱਪਰੋਂ ਇੱਕ ਜੈੱਟ ਦੀ ਗਰਜ ਸੁਣੀ ਅਤੇ ਅਗਲੇ ਹੀ ਪਲ ਲੜਾਕੂ ਜਹਾਜ਼ ਐਂਟੀ-ਏਅਰਕ੍ਰਾਫਟ ਸਿਸਟਮ ਨੂੰ ਸਰਗਰਮ ਕਰ ਦਿੱਤਾ ਗਿਆ ਅਤੇ ਇਸਨੇ ਅਸਮਾਨ ਵਿੱਚ ਗੋਲੇ ਵਰ੍ਹਾਉਣੇ ਸ਼ੁਰੂ ਕਰ ਦਿੱਤੇ। ਸ਼ੋਰ ਭਿਆਨਕ ਸੀ ਅਤੇ ਮੈਂ ਬਹੁਤ ਡਰ ਗਿਆ। ਹਾਂ, ਦਿਲਾਸਾ ਇਹ ਹੈ ਕਿ ਮੈਂ ਇਕੱਲਾ ਨਹੀਂ ਸੀ ਜੋ ਡਰਿਆ ਹੋਇਆ ਸੀ। ਮੈਂ ਕਦੇ ਵੀ ਉਸ ਰੇਲਗੱਡੀ ਵਿੱਚ ਨਹੀਂ ਚੜ੍ਹਿਆ ਜਿਸ ਵਿੱਚ ਮੈਂ ਉਸ ਰਾਤ ਚੜ੍ਹਿਆ ਸੀ ਜੋ ਸਟੇਸ਼ਨ ਨੂੰ ਪੂਰੀ ਤਰ੍ਹਾਂ ਛੁਟ ਵੱਟ ਕੇ ਭੱਜੇ ।

ਦੱਖਣ ਪਹੁੰਚਣ 'ਤੇ, ਮੈਂ ਪਹਿਲਾਂ ਬਾਲਕੁੱਪੇ ਗਿਆ ਜਿੱਥੇ 10 ਸਤੰਬਰ ਨੂੰ ਮੈਂ ਅਸਲ ਸ਼ਰਨਾਰਥੀ ਬਸਤੀ ਦੇਖੀ। ਹੁਣ ਤੱਕ ਉੱਥੇ 3200 ਲੋਕ ਰਹਿ ਰਹੇ ਸਨ। ਇੱਟਾਂ ਅਤੇ ਸਥਾਨਕ ਟਾਈਲਾਂ ਦੇ ਬਣੇ ਸਥਾਈ ਘਰ ਸਨ ਅਤੇ ਖੂਹਾਂ ਦੀ ਖੁਦਾਈ ਅਤੇ ਦਰੱਖਤਾਂ ਦੀ ਕਟਾਈ ਪੂਰੀ ਹੋ ਚੁੱਕੀ ਸੀ। ਖੇਤੀ ਹੁਣ ਅਸਲ ਯੋਜਨਾ ਅਨੁਸਾਰ ਸੁਚਾਰੂ ਢੰਗ ਨਾਲ ਚੱਲ ਰਹੀ ਸੀ। ਹਰੇਕ ਵਿਅਕਤੀ ਨੂੰ ਇੱਕ ਏਕੜ ਜ਼ਮੀਨ ਦੀ ਨਾਮਾਤਰ ਮਾਲਕੀ ਦਿੱਤੀ ਗਈ ਸੀ। ਪਰ ਅਸਲ ਵਿੱਚ ਖੇਤੀ ਸਹਿਕਾਰੀ ਢੰਗ ਨਾਲ ਕੀਤੀ ਜਾ ਰਹੀ ਸੀ। ਕੁਝ ਹਿੱਸਾ ਮੌਸਮੀ ਫਲਾਂ ਅਤੇ ਸਬਜ਼ੀਆਂ ਦੀ ਕਾਸ਼ਤ ਲਈ ਬਚਿਆ ਸੀ। ਮੁੱਖ ਫਸਲਾਂ ਚੌਲ, ਮੱਕੀ ਅਤੇ ਰਾਗੀ ਹੋਣੀਆਂ ਸਨ। ਮੈਂ ਇਸ ਤਰੱਕੀ ਨੂੰ ਦੇਖ ਕੇ ਖੁਸ਼ ਸੀ।

ਇਸਨੇ ਮੇਰੇ ਵਿਸ਼ਵਾਸ ਨੂੰ ਮੁੜ ਦੁਹਰਾਇਆ ਕਿ ਮਜ਼ਬੂਤ ਦ੍ਰਿੜ ਇਰਾਦੇ ਦੇ ਨਾਲ-ਨਾਲ, ਇੱਕ ਸਕਾਰਾਤਮਕ ਰਵੱਈਏ ਦੀ ਤਾਕਤ ਵੀ ਬਹੁਤ ਮਹੱਤਵਪੂਰਨ ਹੈ।

ਕੁੱਲ ਮਿਲਾ ਕੇ, ਮੈਨੂੰ ਮਹਿਸੂਸ ਹੋਇਆ ਕਿ ਸਥਿਤੀ ਵਿੱਚ ਕਾਫ਼ੀ ਸੁਧਾਰ ਹੋਇਆ ਹੈ। ਹੁਣ ਮੈਨੂੰ ਨਿਰਾਸ਼ ਲੋਕਾਂ ਨੂੰ ਯਕੀਨ ਦਿਵਾਉਣ ਦੀ ਜ਼ਰੂਰਤ ਨਹੀਂ ਸੀ। ਨਾ ਹੀ ਮੈਨੂੰ ਉਨ੍ਹਾਂ ਨੂੰ ਭਵਿੱਖ ਦੀ ਖੁਸ਼ਹਾਲੀ ਦਾ ਵਾਅਦਾ ਕਰਨਾ ਪਿਆ ਜਿਸ 'ਤੇ ਮੈਂ ਖੁਦ ਵਿਸ਼ਵਾਸ ਨਹੀਂ ਕਰਦਾ ਸੀ। ਹਾਲਾਂਕਿ ਉਨ੍ਹਾਂ ਦੀ ਸਖ਼ਤ ਮਿਹਨਤ ਰੰਗ ਲਿਆਈ ਸੀ, ਪਰ ਉਨ੍ਹਾਂ ਲਈ ਜ਼ਿੰਦਗੀ ਅਜੇ ਵੀ ਬਹੁਤ ਮੁਸ਼ਕਲ ਸੀ।

ਜਦੋਂ ਅਸੀਂ ਭਾਰਤ ਸਰਕਾਰ ਨਾਲ ਉਨ੍ਹਾਂ ਦੇ ਪੁਨਰਵਾਸ ਦੀ ਯੋਜਨਾ ਬਣਾਈ ਸੀ, ਤਾਂ ਅਸੀਂ ਉਮੀਦ ਕੀਤੀ ਸੀ ਕਿ ਉਹ ਪੰਜ ਸਾਲਾਂ ਦੇ ਅੰਦਰ ਆਪਣੇ ਪੈਰਾਂ 'ਤੇ ਖੜ੍ਹੇ ਹੋ ਜਾਣਗੇ। ਉਸ ਤੋਂ ਬਾਅਦ ਉਹ ਵਾਧੂ ਅਨਾਜ ਵੇਚ ਕੇ ਭਾਰਤ ਸਰਕਾਰ ਦੀ ਆਰਥਿਕਤਾ ਦਾ ਸਮਰਥਨ ਕਰਨਗੇ। ਪਰ, ਉਸ ਆਸ਼ਾਵਾਦ ਵਿੱਚ, ਅਸੀਂ ਭੁੱਲ ਗਏ ਕਿ ਮਜ਼ਦੂਰ ਗੈਰ-ਸਿਖਿਅਤ ਸਨ। ਉਨ੍ਹਾਂ ਵਿੱਚੋਂ ਬਹੁਤ ਘੱਟ ਲੋਕਾਂ ਨੂੰ ਖੇਤੀ ਦਾ ਕੋਈ ਤਜਰਬਾ ਸੀ। ਸਾਬਕਾ ਵਪਾਰੀ, ਭਿਕਸ਼ੂ, ਸਿਪਾਹੀ, ਖਾਨਾਬਦੋਸ਼ ਅਤੇ ਸਧਾਰਨ ਪਿੰਡ ਵਾਸੀ ਜੋ ਕੁਝ ਵੀ ਨਹੀਂ ਜਾਣਦੇ ਸਨ, ਸਾਰੇ ਇਸ ਕੰਮ ਵਿੱਚ ਸ਼ਾਮਲ ਹੋਏ। ਅਤੇ ਬੇਸ਼ੱਕ ਭਾਰਤ ਦੇ ਗਰਮ ਦੇਸ਼ਾਂ ਵਿੱਚ ਖੇਤੀ ਤਿੱਬਤ ਦੇ ਉੱਚੇ ਇਲਾਕਿਆਂ ਤੋਂ ਬਹੁਤ ਵੱਖਰੀ ਹੈ। ਇਸ ਲਈ ਜਿਨ੍ਹਾਂ ਨੂੰ ਥੋੜ੍ਹਾ ਜਿਹਾ ਪਤਾ ਸੀ, ਉਨ੍ਹਾਂ ਨੂੰ ਬਲਦ ਚਲਾਉਣ ਤੋਂ ਲੈ ਕੇ ਟਰੈਕਟਰ ਚਲਾਉਣ ਤੱਕ ਸਭ ਕੁਝ ਦੁਬਾਰਾ ਸਿੱਖਣਾ ਪਿਆ। ਇਸ ਲਈ ਪੰਜ ਸਾਲਾਂ ਬਾਅਦ ਵੀ ਕੈਂਪ ਬਹੁਤ ਮਾੜੇ ਹਾਲਾਤ ਵਿੱਚ ਸਨ।

ਹਾਲਾਂਕਿ, ਪਿੱਛੇ ਮੁੜ ਕੇ ਦੇਖਣ 'ਤੇ, 1960 ਦਾ ਦਹਾਕਾ ਤਿੱਬਤੀ ਪੁਨਰਵਾਸ ਪ੍ਰੋਗਰਾਮਾਂ ਲਈ ਇੱਕ ਸੁਹਾਵਣਾ ਦਿਨ ਸੀ ਕਿਉਂਕਿ ਜ਼ਮੀਨ ਸਾਫ਼ ਕਰ ਦਿੱਤੀ ਗਈ ਸੀ, ਜ਼ਿਆਦਾਤਰ ਸ਼ਰਨਾਰਥੀਆਂ ਕੋਲ ਡਾਕਟਰੀ ਦੇਖਭਾਲ (ਅੰਤਰਰਾਸ਼ਟਰੀ ਰੈੱਡ ਕਰਾਸ ਅਤੇ ਹੋਰਾਂ ਦੀ ਮਦਦ ਨਾਲ) ਤੱਕ ਪਹੁੰਚ ਸੀ, ਅਤੇ

ਖੇਤੀਬਾੜੀ ਉਪਕਰਣ ਨਵੇਂ ਸਨ, ਜਦੋਂ ਕਿ ਅੱਜ ਇਹ ਪੁਰਾਣਾ ਸੰਦ ਹੈ ਅਤੇ ਬਹੁਤ ਜ਼ਿਆਦਾ ਮੁਰੰਮਤ ਦੀ ਲੋੜ ਹੈ।

ਇਸ ਮੌਕੇ 'ਤੇ ਮੈਂ ਬਾਲਕੁਪੇ ਵਿੱਚ ਇੱਕ ਹਫ਼ਤਾ ਜਾਂ ਦਸ ਦਿਨ ਬਿਤਾਏ ਅਤੇ ਫਿਰ ਭਾਰਤ ਦੇ ਸਭ ਤੋਂ ਵੱਧ ਪੜ੍ਹੇ-ਲਿਖੇ ਰਾਜ ਕੇਰਲਾ ਦੀ ਰਾਜਧਾਨੀ ਤ੍ਰਿਵੇਂਦਰਮ ਜਾਣ ਤੋਂ ਪਹਿਲਾਂ ਮੈਸੂਰ, ਊਟਕਾਮੁੰਡ ਅਤੇ ਮਦਰਾਸ ਗਿਆ। ਮੈਨੂੰ ਰਾਜਪਾਲ ਨਾਲ ਰਹਿਣ ਦਾ ਮੌਕਾ ਮਿਲਿਆ। ਅੰਤ ਵਿੱਚ ਮੇਰਾ ਠਹਿਰਾਅ ਕਈ ਹਫ਼ਤਿਆਂ ਤੱਕ ਵਧ ਗਿਆ, ਕਿਉਂਕਿ ਉੱਤਰ ਵਿੱਚ ਇੱਕ ਬਹੁਤ ਹੀ ਖ਼ਤਰਨਾਕ ਯੁੱਧ ਚੱਲ ਰਿਹਾ ਸੀ ਅਤੇ ਧਰਮਸ਼ਾਲਾ 'ਤੇ ਪਹਿਲਾਂ ਹੀ ਦੋ ਬੰਬ ਡਿੱਗ ਚੁੱਕੇ ਸਨ। ਪਰ ਮੈਂ ਸਮਾਂ ਬਰਬਾਦ ਨਹੀਂ ਕੀਤਾ।

ਇਹ ਇਸ ਤਰ੍ਹਾਂ ਹੋਇਆ ਕਿ ਰਾਜ ਭਵਨ, ਰਾਜਪਾਲ ਦੇ ਨਿਵਾਸ ਵਿੱਚ ਮੇਰਾ ਕਮਰਾ ਰਸੋਈ ਦੇ ਬਿਲਕੁਲ ਸਾਹਮਣੇ ਸੀ। ਇੱਕ ਦਿਨ ਮੈਂ ਇੱਕ ਕੁੱਕੜੀ ਨੂੰ ਦੁਪਹਿਰ ਦੇ ਖਾਣੇ ਲਈ ਮਰੋੜਦਿਆ ਦੇਖ ਲਿਆ । ਮੈਂ ਸੋਚਿਆ ਕਿ ਇਹ ਗਰੀਬ ਜੀਵ ਕਿੰਨਾ ਦੁੱਖ ਝੱਲ ਰਿਹਾ ਸੀ। ਇਸ ਨਾਲ ਮੈਨੂੰ ਬਹੁਤ ਦੁੱਖ ਹੋਇਆ ਅਤੇ ਮੈਂ ਸੋਚਿਆ ਕਿ ਹੁਣ ਸਮਾਂ ਆ ਗਿਆ ਹੈ ਕਿ ਮੈਂ ਸ਼ਾਕਾਹਾਰੀ ਬਣ ਜਾਵਾਂ। ਜਿਵੇਂ ਕਿ ਮੈਂ ਪਹਿਲਾਂ ਹੀ ਕਿਹਾ ਹੈ, ਤਿੱਬਤੀ ਨਿਯਮ ਦੇ ਤੌਰ 'ਤੇ ਸ਼ਾਕਾਹਾਰੀ ਨਹੀਂ ਹਨ, ਕਿਉਂਕਿ ਤਿੱਬਤ ਵਿੱਚ ਬਹੁਤ ਘੱਟ ਸਬਜ਼ੀਆਂ ਹੁੰਦੀਆਂ ਹਨ ਅਤੇ ਮਾਸ ਮੁੱਖ ਭੋਜਨ ਹੈ। ਫਿਰ ਵੀ, ਕੁਝ ਮਹਾਯਾਨ ਗ੍ਰੰਥ ਕਹਿੰਦੇ ਹਨ ਕਿ ਭਿਕਸ਼ੂ ਅਤੇ ਨਨਾਂ ਨੂੰ ਸ਼ਾਕਾਹਾਰੀ ਹੋਣਾ ਚਾਹੀਦਾ ਹੈ।

ਆਪਣੇ ਇਰਾਦੇ ਨੂੰ ਪਰਖਣ ਲਈ, ਮੈਂ ਭੋਜਨ ਦਾ ਆਰਡਰ ਦਿੱਤਾ। ਮੈਂ ਭੋਜਨ ਨੂੰ ਧਿਆਨ ਨਾਲ ਦੇਖਿਆ। ਚਿਕਨ ਨੂੰ ਪਿਆਜ਼ ਅਤੇ ਗ੍ਰੇਵੀ ਨਾਲ ਅੰਗਰੇਜ਼ੀ ਸ਼ੈਲੀ ਵਿੱਚ ਪਕਾਇਆ ਗਿਆ ਸੀ ਅਤੇ ਇਸਦੀ ਖੁਸ਼ਬੂ ਸੁਆਦੀ ਸੀ। ਪਰ ਮੈਨੂੰ ਇਸਨੂੰ ਖਾਣ ਤੋਂ ਇਨਕਾਰ ਕਰਨ ਵਿੱਚ ਕੋਈ ਮੁਸ਼ਕਲ ਨਹੀਂ

ਆਈ। ਉਦੋਂ ਤੋਂ ਮੈਂ ਇੱਕ ਸਖ਼ਤ ਸ਼ਾਕਾਹਾਰੀ ਬਣ ਗਿਆ ਅਤੇ ਮਾਸ ਦੇ ਨਾਲ-ਨਾਲ ਅੰਡੇ ਅਤੇ ਮੱਛੀ ਵੀ ਛੱਡ ਦਿੱਤੀ।

ਇਹ ਨਵਾਂ ਤਰੀਕਾ ਮੇਰੇ ਲਈ ਢੁਕਵਾਂ ਸੀ ਅਤੇ ਮੈਂ ਸੰਤੁਸ਼ਟ ਸੀ। ਮੈਨੂੰ ਨਿਯਮ ਦੀ ਸਖ਼ਤ ਵਿਆਖਿਆ ਨਾਲ ਸੰਤੁਸ਼ਟੀ ਦੀ ਭਾਵਨਾ ਮਹਿਸੂਸ ਹੋਈ। 1954 ਵਿੱਚ ਬੀਜਿੰਗ ਵਿੱਚ ਮੈਂ ਚਾਉ ਐਨ-ਲਾਈ ਅਤੇ ਇੱਕ ਹੋਰ ਸਿਆਸਤਦਾਨ ਨਾਲ ਸ਼ਾਕਾਹਾਰੀ ਬਾਰੇ ਚਰਚਾ ਕਰ ਰਿਹਾ ਸੀ। ਦੂਜਾ ਆਦਮੀ ਵੀ ਆਪਣੇ ਆਪ ਨੂੰ ਸ਼ਾਕਾਹਾਰੀ ਦੱਸ ਰਿਹਾ ਸੀ ਅਤੇ ਆਂਡੇ ਵੀ ਖਾ ਰਿਹਾ ਸੀ। ਮੈਂ ਸਵਾਲ ਕੀਤਾ ਕਿ ਕਿਉਂਕਿ ਕੁੱਕੜੀ ਆਂਡਿਆਂ ਤੋਂ ਬਣਦੀ ਹੈ, ਇਸ ਲਈ ਆਂਡੇ ਨੂੰ ਸ਼ਾਕਾਹਾਰੀ ਭੋਜਨ ਨਹੀਂ ਕਿਹਾ ਜਾ ਸਕਦਾ। ਅਸੀਂ ਪੂਰੀ ਤਰ੍ਹਾਂ ਅਸਹਿਮਤ ਸੀ। ਅੰਤ ਵਿੱਚ ਚਾਉ ਨੇ ਕੂਟਨੀਤਕ ਤੌਰ 'ਤੇ ਬਹਿਸ ਖਤਮ ਕਰ ਦਿੱਤੀ।

ਪਾਕਿਸਤਾਨ ਨਾਲ ਜੰਗ 10 ਜਨਵਰੀ 1966 ਨੂੰ ਖਤਮ ਹੋਈ। ਪਰ ਇਸ ਚੰਗੀ ਖ਼ਬਰ ਦੇ ਨਾਲ ਇੱਕ ਬੁਰੀ ਖ਼ਬਰ ਆਈ ਅਤੇ ਉਹ ਸੀ ਤਾਸ਼ਕੰਦ ਵਿੱਚ ਪ੍ਰਧਾਨ ਮੰਤਰੀ ਸ਼ਾਸਤਰੀ ਦੀ ਮੌਤ। ਸ਼ਾਸਤਰੀ ਉੱਥੇ ਪਾਕਿਸਤਾਨ ਦੇ ਰਾਸ਼ਟਰਪਤੀ ਅਯੂਬ ਖਾਨ ਨਾਲ ਇੱਕ ਸਮਝੌਤੇ 'ਤੇ ਚਰਚਾ ਕਰਨ ਲਈ ਗਏ ਸਨ। ਸ਼ਾਂਤੀ ਸੰਧੀ 'ਤੇ ਦਸਤਖਤ ਕਰਨ ਤੋਂ ਕੁਝ ਘੰਟਿਆਂ ਬਾਅਦ ਉਨ੍ਹਾਂ ਦੀ ਮੌਤ ਹੋ ਗਈ।

ਲਾਲ ਬਹਾਦਰ ਸ਼ਾਸਤਰੀ ਨੇ ਮੇਰੀ ਯਾਦਦਾਸ਼ਤ 'ਤੇ ਡੂੰਘੀ ਛਾਪ ਛੱਡੀ। ਭਾਵੇਂ ਉਹ ਮਧਰਾ , ਥੋੜ੍ਹਾ ਕਮਜ਼ੋਰ ਅਤੇ ਬੇਅਸਰ ਜਿਹਾ ਦਿਖਾਈ ਦਿੰਦਾ ਸੀ, ਪਰ ਉਨ੍ਹਾਂ ਕੋਲ ਮਨ ਅਤੇ ਆਤਮਾ ਦੀ ਬਹੁਤ ਤਾਕਤ ਸੀ। ਕਮਜ਼ੋਰ ਦਿੱਖ ਦੇ ਬਾਵਜੂਦ, ਉਹ ਇੱਕ ਬਹੁਤ ਹੀ ਸਮਰੱਥ ਨੇਤਾ ਸਨ। ਉੱਚ ਅਹੁਦਿਆਂ

'ਤੇ ਬਹੁਤ ਸਾਰੇ ਲੋਕ ਉਨ੍ਹਾਂ ਵਾਂਗ ਬਹਾਦਰ ਅਤੇ ਦ੍ਰਿੜ ਨਹੀਂ ਹਨ। ਉਹ ਸਮੇਂ ਦੇ ਨਾਲ ਨਹੀਂ ਬਦਲਿਆ ਪਰ ਸਮੇਂ ਨੂੰ ਬਦਲਣ ਦੀ ਕੋਸ਼ਿਸ਼ ਕਰਦਾ ਰਿਹਾ।

ਮੈਨੂੰ ਉਸਦੇ ਅੰਤਿਮ ਸੰਸਕਾਰ ਲਈ ਸੱਦਾ ਦਿੱਤਾ ਗਿਆ ਸੀ ਅਤੇ ਮੈਂ ਤ੍ਰਿਵੇਂਦਰਮ ਤੋਂ ਵਾਪਸ ਆਉਂਦੇ ਸਮੇਂ ਇਸ ਵਿੱਚ ਸ਼ਾਮਲ ਹੋਇਆ ਸੀ। ਮਾਹੌਲ ਬਹੁਤ ਉਦਾਸ ਸੀ। ਖਾਸ ਕਰਕੇ ਕਿਉਂਕਿ ਆਪਣੀ ਜ਼ਿੰਦਗੀ ਵਿੱਚ ਪਹਿਲੀ ਵਾਰ ਮੈਂ ਇੱਕ ਮਹਾਨ ਯੁੱਧ ਦਾ ਗਵਾਹ ਸੀ।

ਮੈਂ ਇੱਕ ਲਾਸ਼ ਨੂੰ ਬਹੁਤ ਨੇੜਿਓਂ ਦੇਖ ਰਿਹਾ ਸੀ। ਭਾਵੇਂ ਮੈਂ ਇੱਕ ਬੋਧੀ ਹਾਂ ਅਤੇ ਮੈਂ ਆਪਣੀ ਕਲਪਨਾ ਵਿੱਚ ਹਰ ਰੋਜ਼ ਮੌਤ ਨੂੰ ਦੇਖਦਾ ਹਾਂ। ਮੈਂ ਉਸਨੂੰ ਚਿਤਾ 'ਤੇ ਬੇਚੈਨ ਪਿਆ ਦੇਖ ਰਿਹਾ ਸੀ ਅਤੇ ਉਸਦੀ ਕੰਮ ਕਰਨ ਦੀ ਸ਼ੈਲੀ ਅਤੇ ਮੇਰੇ ਅਤੇ ਉਸਦੇ ਵਿਚਕਾਰ ਬਿਤਾਏ ਛੋਟੇ ਪਲਾਂ ਨੂੰ ਯਾਦ ਕਰ ਰਿਹਾ ਸੀ। ਉਸਨੇ ਮੈਨੂੰ ਦੱਸਿਆ ਸੀ ਕਿ ਉਹ ਵੀ ਇੱਕ ਕੱਟੜ ਸ਼ਾਕਾਹਾਰੀ ਹੈ ਕਿਉਂਕਿ ਇੱਕ ਵਾਰ ਉਸਦੇ ਬਚਪਨ ਵਿੱਚ, ਉਸਦੇ ਵਿਦਿਆਰਥੀ ਜੀਵਨ ਦੌਰਾਨ, ਉਸਨੇ ਇੱਕ ਜ਼ਖਮੀ ਕਬੂਤਰ ਨੂੰ ਇੰਨਾ ਭਜਾਇਆ ਸੀ ਕਿ ਉਹ ਥਕਾਵਟ ਨਾਲ ਮਰ ਗਿਆ ਸੀ। ਉਹ ਆਪਣੀ ਇਸ ਕਾਰਵਾਈ ਤੋਂ ਇੰਨਾ ਡਰਿਆ ਹੋਇਆ ਸੀ ਕਿ ਉਸਨੇ ਸਹੁੰ ਖਾਧੀ ਸੀ ਕਿ ਉਹ ਕਦੇ ਵੀ ਮਾਸ ਨਹੀਂ ਖਾਵੇਗਾ। ਉਸਦੇ ਜਾਣ ਨਾਲ , ਨਾ ਸਿਰਫ਼ ਭਾਰਤ ਨੇ ਇੱਕ ਚੰਗਾ ਸਿਆਸਤਦਾਨ ਗੁਆ ਦਿੱਤਾ, ਨਾ ਸਿਰਫ਼ ਦੁਨੀਆ ਨੇ ਇੱਕ ਬੁੱਧੀਮਾਨ ਨੇਤਾ ਗੁਆ ਦਿੱਤਾ, ਸਗੋਂ ਪੂਰੀ ਮਨੁੱਖਤਾ ਨੇ ਇੱਕ ਦਿਆਲੂ ਆਤਮਾ ਗੁਆ ਦਿੱਤੀ।

ਸਵਰਗਵਾਨ ਪ੍ਰਧਾਨ ਮੰਤਰੀ ਨੂੰ ਅੰਤਿਮ ਸ਼ਰਧਾਂਜਲੀ ਦੇਣ ਤੋਂ ਬਾਅਦ, ਮੈਂ ਧਰਮਸ਼ਾਲਾ ਵਾਪਸ ਆ ਗਿਆ। ਪਰ ਵਾਪਸ ਆਉਣ ਤੋਂ ਪਹਿਲਾਂ, ਮੈਂ ਦਿੱਲੀ ਵਿੱਚ ਜੰਗ ਵਿੱਚ ਜ਼ਖਮੀ ਹੋਏ ਸੈਨਿਕਾਂ ਨੂੰ ਮਿਲਣ ਗਿਆ। ਜਿਨ੍ਹਾਂ ਲੋਕਾਂ ਨੂੰ ਮੈਂ ਮਿਲਿਆ ਉਨ੍ਹਾਂ ਵਿੱਚੋਂ ਜ਼ਿਆਦਾਤਰ ਅਧਿਕਾਰੀ ਸਨ। ਬਹੁਤ ਸਾਰੇ ਬਹੁਤ

ਦਰਦ ਵਿੱਚ ਸਨ ਅਤੇ ਦੁਖੀ ਸਨ। ਜਦੋਂ ਮੈਂ ਬਿਸਤਰਿਆਂ ਦੇ ਵਿਚਕਾਰ, ਜ਼ਖਮੀਆਂ ਦੇ ਰੋਂਦੇ ਪਰਿਵਾਰਾਂ ਦੇ ਵਿਚਕਾਰੋਂ ਲੰਘਿਆ, ਤਾਂ ਮੈਂ ਸੋਚਿਆ ਕਿ ਇਹ ਯੁੱਧ ਦਾ ਅਸਲ ਨਤੀਜਾ ਹੈ, ਇੱਕ ਭਿਆਨਕ ਮਨੁੱਖੀ ਸੰਕਟ। ਵਿਵਾਦ ਦੇ ਹੋਰ ਮੁੱਦੇ ਅਜੇ ਵੀ ਸ਼ਾਂਤੀਪੂਰਨ ਤਰੀਕਿਆਂ ਨਾਲ ਹੱਲ ਕੀਤੇ ਜਾ ਸਕਦੇ ਹਨ।

ਇੱਕੋ ਇੱਕ ਤਸੱਲੀ ਇਹ ਸੀ ਕਿ ਹਸਪਤਾਲ ਅਜੇ ਵੀ ਚੰਗੀ ਦੇਖਭਾਲ ਪ੍ਰਦਾਨ ਕਰ ਰਹੇ ਸਨ। ਬਹੁਤ ਸਾਰੇ ਜੋ ਸੰਘਰਸ਼ ਵਿੱਚ ਫਸੇ ਹੋਏ ਸਨ, ਉਨ੍ਹਾਂ ਕੋਲ ਅਜਿਹੀਆਂ ਸਹੂਲਤਾਂ ਨਹੀਂ ਸਨ।

ਇੱਕ ਪੰਦਰਵਾੜੇ ਬਾਅਦ, ਇੰਦਰਾ ਗਾਂਧੀ ਨੇ ਭਾਰਤ ਦੇ ਪ੍ਰਧਾਨ ਮੰਤਰੀ ਵਜੋਂ ਸਹੁੰ ਚੁੱਕੀ। ਕਿਉਂਕਿ ਮੈਂ ਉਨ੍ਹਾਂ ਨੂੰ ਹਰ ਵਾਰ ਉਨ੍ਹਾਂ ਦੇ ਪਿਤਾ ਨਾਲ ਮੁਲਾਕਾਤ 'ਤੇ ਮਿਲਦਾ ਸੀ, ਇਸ ਲਈ ਮੈਂ ਉਨ੍ਹਾਂ ਦੇ ਨੇੜੇ ਮਹਿਸੂਸ ਕਰਦਾ ਸੀ। ਉਨ੍ਹਾਂ ਦਾ ਇਹ ਵਿਸ਼ਵਾਸ ਕਰਨ ਦਾ ਇੱਕ ਕਾਰਨ ਸੀ ਕਿ ਉਹ ਵੀ ਮੈਨੂੰ ਆਪਣੇ ਨੇੜੇ ਸਮਝਦੀ ਸੀ । ਇੱਕ ਤੋਂ ਵੱਧ ਵਾਰ ਉਨ੍ਹਾਂ ਨੇ ਮੈਨੂੰ ਉਨ੍ਹਾਂ ਮਾਮਲਿਆਂ ਅਤੇ ਲੋਕਾਂ ਬਾਰੇ ਵਿਸ਼ਵਾਸ ਵਿੱਚ ਲਿਆ ਸੀ ਜੋ ਉਨ੍ਹਾਂ ਲਈ ਮੁਸ਼ਕਲ ਸਨ। ਮੈਨੂੰ ਲੱਗਾ ਕਿ ਮੈਂ ਉਨ੍ਹਾਂ ਨੂੰ ਇੰਨੀ ਚੰਗੀ ਤਰ੍ਹਾਂ ਜਾਣਦਾ ਸੀ ਕਿ ਉਨ੍ਹਾਂ ਦੇ ਪਹਿਲੇ ਕਾਰਜਕਾਲ ਦੇ ਅੰਤ ਵਿੱਚ ਇੱਕ ਵਾਰ ਉਨ੍ਹਾਂ ਨੂੰ ਯਾਦ ਦਿਵਾਇਆ ਜਾ ਸਕੇ ਕਿ ਇੱਕ ਨੇਤਾ ਲਈ ਆਮ ਆਦਮੀ ਦੇ ਸੰਪਰਕ ਵਿੱਚ ਰਹਿਣਾ ਬਹੁਤ ਜ਼ਰੂਰੀ ਹੈ।

ਮੈਂ ਖੁਦ ਛੋਟੀ ਉਮਰ ਵਿੱਚ ਹੀ ਸਿੱਖਿਆ ਸੀ ਕਿ ਜਿਸਨੇ ਅਗਵਾਈ ਕਰਨੀ ਹੈ ਉਸਨੂੰ ਆਮ ਲੋਕਾਂ ਦੇ ਨੇੜੇ ਰਹਿਣਾ ਚਾਹੀਦਾ ਹੈ। ਨਹੀਂ ਤਾਂ ਤੁਹਾਡੇ ਆਲੇ ਦੁਆਲੇ ਦੇ ਸਲਾਹਕਾਰ ਅਤੇ ਸਟਾਫ ਤੁਹਾਨੂੰ

ਆਪਣੇ ਫਾਇਦੇ ਲਈ ਉਲਝਾ ਸਕਦੇ ਹਨ ਅਤੇ ਤੁਹਾਨੂੰ ਚੀਜ਼ਾਂ ਨੂੰ ਸਪਸ਼ਟ ਰੂਪ ਵਿੱਚ ਸਮਝਣ ਤੋਂ ਰੋਕਣ ਦੀ ਕੋਸ਼ਿਸ਼ ਕਰ ਸਕਦੇ ਹਨ।

ਹਰ ਭਾਰਤੀ ਪ੍ਰਧਾਨ ਮੰਤਰੀ ਵਾਂਗ, ਮੈਂ ਤਿੱਬਤੀ ਸ਼ਰਨਾਰਥੀਆਂ ਨੂੰ ਦਿਲੋਂ ਸਮਰਥਨ ਦੇਣ ਲਈ ਇੰਦਰਾ ਗਾਂਧੀ ਦਾ ਬਹੁਤ ਧੰਨਵਾਦੀ ਹਾਂ। ਛੋਟੀ ਉਮਰ ਤੋਂ ਹੀ ਉਹ ਮਸੂਰੀ ਵਿੱਚ ਤਿੱਬਤੀ ਹੋਮਜ਼ ਫਾਊਂਡੇਸ਼ਨ ਦੀ ਮੈਂਬਰ ਸੀ ਅਤੇ ਸਿੱਖਿਆ ਦੀ ਇੱਕ ਵੱਡੀ ਸਮਰਥਕ ਸੀ। ਜਦੋਂ ਸਿੱਖਿਆ ਦੀ ਮਹੱਤਤਾ ਦੀ ਗੱਲ ਆਈ, ਤਾਂ ਉਸਦੇ ਵਿਚਾਰ ਉਸਦੇ ਪਿਤਾ ਵਰਗੇ ਸਨ। ਪਰ ਐਮਰਜੈਂਸੀ ਤੋਂ ਬਾਅਦ, ਉਸਦੀ ਬਹੁਤ ਸਖ਼ਤ ਭਾਸ਼ਾ ਵਿੱਚ ਆਲੋਚਨਾ ਕੀਤੀ ਗਈ। ਕੁਝ ਲੋਕਾਂ ਨੇ ਉਸਨੂੰ ਤਾਨਾਸ਼ਾਹ ਵੀ ਕਿਹਾ, ਪਰ ਮੈਂ ਉਸਨੂੰ ਮਾਰਚ 1977 ਵਿੱਚ ਵੋਟਰਾਂ ਨੇ ਆਪਣਾ ਫੈਸਲਾ ਸੁਣਾਉਂਦੇ ਸਮੇਂ ਸ਼ਾਨ ਅਤੇ ਮਾਣ ਨਾਲ ਸੱਤਾ ਛੱਡਦੇ ਦੇਖਿਆ। ਮੇਰੇ ਲਈ, ਇਹ ਲੋਕਤੰਤਰ ਦੀ ਇੱਕ ਮਹਾਨ ਉਦਾਹਰਣ ਸੀ। ਸੰਸਦ ਦੇ ਅੰਦਰ ਅਤੇ ਬਾਹਰ ਬਹੁਤ ਵਿਵਾਦ ਹੋਇਆ, ਪਰ ਜਦੋਂ ਸਮਾਂ ਆਇਆ, ਤਾਂ ਉਹ ਬਿਨਾਂ ਕਿਸੇ ਸਮੱਸਿਆ ਦੇ ਚਲੇ ਗਏ। ਮੈਨੂੰ ਰਾਸ਼ਟਰਪਤੀ ਨਿਕਸਨ ਵਾਰੇ ਇਸੇ ਤਰ੍ਹਾਂ ਯਾਦ ਹੈ। ਅਕਸਰ ਲੀਡਰਸ਼ਿਪ ਤਬਦੀਲੀਆਂ ਨੂੰ ਖੂਨ-ਖਰਾਬੇ ਦੀ ਨਿਸ਼ਾਨੀ ਵਜੋਂ ਦੇਖਿਆ ਜਾਂਦਾ ਹੈ। ਇਹ ਸੱਚਮੁੱਚ ਸੱਭਿਅਕ ਦੇਸ਼ਾਂ ਦੀ ਨਿਸ਼ਾਨੀ ਹੈ ਕਿ ਲੋਕਤੰਤਰੀ ਪ੍ਰਣਾਲੀ ਨਿੱਜੀ ਹਿੱਤਾਂ ਉੱਤੇ ਹਾਵੀ ਹੁੰਦੀ ਹੈ।

ਉਸੇ ਸਮੇਂ, ਪੀਪਲਜ਼ ਰੀਪਬਲਿਕ ਆਫ਼ ਚਾਈਨਾ ਨੇ ਘਰੇਲੂ ਰਾਜਨੀਤੀ ਦੀ ਇੱਕ ਬਹੁਤ ਵੱਖਰੀ ਤਸਵੀਰ ਪੇਸ਼ ਕੀਤੀ। 1960 ਦੇ ਦਹਾਕੇ ਦੇ ਮੱਧ ਤੋਂ ਲੈ ਕੇ 1976 ਵਿੱਚ ਮਾਓ ਦੀ ਮੌਤ ਤੱਕ, ਦੇਸ਼ ਅਤੇ ਇਸ ਦੀਆਂ ਬਸਤੀਆਂ ਖੂਨੀ ਅਤੇ ਹਿੰਸਕ ਉਥਲ-ਪੁਥਲ ਦਾ ਸਾਹਮਣਾ ਕਰ ਰਹੀਆਂ ਸਨ। ਅਖੌਤੀ 'ਸੱਭਿਆਚਾਰਕ ਇਨਕਲਾਬ' ਦੀ ਅਸਲ ਤਸਵੀਰ ਸਾਹਮਣੇ ਆਉਣ ਵਿੱਚ ਕਈ ਸਾਲ ਲੱਗ ਗਏ। ਇਹ ਪਤਾ ਲੱਗਿਆ ਕਿ ਇਹ ਨਾ ਸਿਰਫ਼ ਉਦੇਸ਼ਹੀਣ ਪਾਗਲਪਨ ਦਾ ਦੌਰ ਸੀ, ਸਗੋਂ ਮਾਓ ਦੀ ਪਤਨੀ

ਚਿਆਂਗ-ਚਿੰਗ ਇੱਕ ਮਹਾਰਾਣੀ ਵਾਂਗ ਵਿਵਹਾਰ ਕਰਦੀ ਸੀ। ਉਦੋਂ ਮੈਨੂੰ ਅਹਿਸਾਸ ਹੋਇਆ ਕਿ ਕਮਿਊਨਿਸਟ ਆਗੂ, ਜਿਨ੍ਹਾਂ ਨੂੰ ਮੈਂ ਪਹਿਲਾਂ ਕਈ ਸਰੀਰਾਂ ਵਿੱਚ ਰਹਿਣ ਵਾਲੇ ਇੱਕ ਆਮ ਮਨ ਵਜੋਂ ਸਮਝਦਾ ਸੀ, ਇੱਕ ਦੂਜੇ ਦੀ ਧੌਣ 'ਤੇ ਸਵਾਰ ਸਨ।

ਫਿਰ ਵੀ, ਗੜਬੜ ਦੀ ਹੱਦ ਦਾ ਅੰਦਾਜ਼ਾ ਲਗਾਉਣ ਤੋਂ ਇਲਾਵਾ ਕੁਝ ਨਹੀਂ ਸੀ। ਮੈਂ, ਹੋਰ ਬਹੁਤ ਸਾਰੇ ਤਿੱਬਤੀਆਂ ਦੇ ਨਾਲ, ਜਾਣਦਾ ਸੀ ਕਿ ਸਾਡੀ ਪਿਆਰੀ ਜਨਮ ਭੂਮੀ ਵਿੱਚ ਬਹੁਤ ਸਾਰੀਆਂ ਭਿਆਨਕ ਚੀਜ਼ਾਂ ਹੋ ਰਹੀਆਂ ਸਨ। ਪਰ ਸਾਡਾ ਸੰਚਾਰ ਤਾਂ ਪੂਰੀ ਤਰ੍ਹਾਂ ਟੁੱਟ ਗਿਆ ਸੀ।

162 ਅਜ਼ਾਦ ਸ਼ਰਨਾਰਥੀ

ਸਾਡੇ ਖ਼ਬਰਾਂ ਦਾ ਇੱਕੋ ਇੱਕ ਸਰੋਤ ਨੇਪਾਲੀ ਵਪਾਰੀ ਸਨ ਜਿਨ੍ਹਾਂ ਨੂੰ ਕਦੇ-ਕਦਾਈਂ ਸਰਹੱਦ ਪਾਰ ਕਰਨ ਦੀ ਇਜਾਜ਼ਤ ਦਿੱਤੀ ਜਾਂਦੀ ਸੀ। ਉਨ੍ਹਾਂ ਤੋਂ ਸਾਨੂੰ ਬਹੁਤ ਘੱਟ ਅਤੇ ਪੁਰਾਣੀਆਂ ਖ਼ਬਰਾਂ ਮਿਲਦੀਆਂ ਸਨ। ਉਦਾਹਰਣ ਵਜੋਂ, 1959 ਵਿੱਚ, ਮੈਨੂੰ ਇੱਕ ਸਾਲ ਬਾਅਦ ਤਿੱਬਤ ਵਿੱਚ ਕਈ ਥਾਵਾਂ 'ਤੇ ਹੋਏ ਜਨਤਕ ਵਿਦਰੋਹਾਂ ਦੀਆਂ ਖ਼ਬਰਾਂ ਮਿਲੀਆਂ। ਕੁਝ ਲੋਕਾਂ ਦੇ ਅਨੁਸਾਰ, 1959 ਦੇ ਮੁਕਾਬਲੇ ਜਦੋਂ ਬਦਲਾ ਲੈਣ ਦੀਆਂ ਕਾਰਵਾਈਆਂ ਸ਼ੁਰੂ ਹੋਈਆਂ ਤਾਂ ਜ਼ਿਆਦਾ ਲੋਕ ਮਾਰੇ ਗਏ।

ਹੁਣ ਅਸੀਂ ਜਾਣਦੇ ਹਾਂ ਕਿ ਅਸ਼ਾਂਤੀ ਦੀਆਂ ਅਜਿਹੀਆਂ ਬਹੁਤ ਸਾਰੀਆਂ ਘਟਨਾਵਾਂ ਹੋਈਆਂ ਸਨ। ਭਾਵੇਂ ਮੇਰਾ ਬੀਜਿੰਗ ਦੇ ਆਗੂਆਂ ਨਾਲ ਕੋਈ ਸਿੱਧਾ ਸਬੰਧ ਨਹੀਂ ਸੀ, ਪਰ ਹੁਣ ਉਹ ਮੈਨੂੰ "ਭਿਕਸ਼ੂ ਦੇ ਕੱਪੜਿਆਂ ਵਿੱਚ ਬਘਿਆੜ" ਕਹਿਣ ਲੱਗ ਪਏ। ਮੈਂ ਚੀਨੀ ਸਰਕਾਰ ਦੇ ਗੁੱਸੇ ਦਾ ਕੇਂਦਰ ਬਣ ਗਿਆ ਸੀ ਅਤੇ ਲਹਾਸਾ ਵਿੱਚ ਮੈਨੂੰ ਸਿਰਫ਼ ਇੱਕ ਧਾਰਮਿਕ ਆਗੂ ਹੋਣ ਦਾ ਦਿਖਾਵਾ ਕਰਨ ਵਜੋਂ ਲਗਾਤਾਰ ਨਿੰਦਾ

ਕੀਤੀ ਜਾਂਦੀ ਸੀ। ਦਰਅਸਲ, ਚੀਨੀਆਂ ਨੇ ਕਿਹਾ ਕਿ ਮੈਂ ਇੱਕ ਚੋਰ, ਇੱਕ ਕਾਤਲ ਅਤੇ ਇੱਕ ਬਲਾਤਕਾਰੀ ਹਾਂ। ਉਨ੍ਹਾਂ ਨੇ ਇੱਥੋਂ ਤੱਕ ਕਹਿ ਦਿੱਤਾ ਕਿ ਮੈਂ ਸ਼੍ਰੀਮਤੀ ਗਾਂਧੀ ਲਈ ਕੁਝ ਹੈਰਾਨ ਕਰਨ ਵਾਲੀਆਂ ਜਿਨਸੀ-ਪੂਜਾ ਕਰ ਰਿਹਾ ਸੀ।

ਇਸ ਤਰ੍ਹਾਂ ਪੰਦਰਾਂ ਸਾਲਾਂ ਤੱਕ ਤਿੱਬਤੀ ਸ਼ਰਨਾਰਥੀ ਇੱਕ ਹਨੇਰੇ ਸੰਸਾਰ ਵਿੱਚ ਰਹੇ। ਅੱਜ ਘਰ ਵਾਪਸ ਜਾਣ ਦਾ ਮੌਕਾ ਉਸ ਸਮੇਂ ਨਾਲੋਂ ਵੀ ਦੂਰ ਜਾਪਦਾ ਹੈ ਜਦੋਂ ਉਹ ਪਹਿਲੀ ਵਾਰ ਜਲਾਵਤਨੀ ਵਿੱਚ ਆਏ ਸਨ। ਪਰ ਰਾਤ ਤੋਂ ਬਾਅਦ ਦਿਨ ਆਉਂਦਾ ਹੈ ਅਤੇ ਇਨ੍ਹਾਂ ਸਾਲਾਂ ਦੌਰਾਨ ਪੁਨਰਵਾਸ ਪ੍ਰੋਗਰਾਮ ਦਾ ਫਲ ਮਿਲਦਾ ਹੈ। ਹੌਲੀ-ਹੌਲੀ ਸ਼ਰਨਾਰਥੀਆਂ ਨੂੰ ਗਲੀ ਕੈਂਪਾਂ ਤੋਂ ਭਾਰਤ ਵਿੱਚ ਇੱਥੇ ਅਤੇ ਉੱਥੇ ਨਵੀਆਂ ਬਸਤੀਆਂ ਵਿੱਚ ਬਸਾਇਆ ਗਿਆ। ਕੁਝ ਸ਼ਰਨਾਰਥੀ ਭਰਾ ਭਾਰਤ ਛੱਡ ਕੇ ਦੁਨੀਆ ਦੇ ਹੋਰ ਹਿੱਸਿਆਂ ਵਿੱਚ ਘਰ ਵਸ ਗਏ। ਲਿਖਣ ਦੇ ਸਮੇਂ ਕੈਨੇਡਾ ਅਤੇ ਅਮਰੀਕਾ ਵਿੱਚ ਲਗਭਗ 1200 ਫੈਲੇ ਹੋਏ ਹਨ, ਲਗਭਗ 2000 ਸਵਿਟਜ਼ਰਲੈਂਡ ਵਿੱਚ ਅਤੇ 100 ਗ੍ਰੇਟ ਬ੍ਰਿਟੇਨ ਵਿੱਚ, ਅਤੇ ਲਗਭਗ ਹਰ ਯੂਰਪੀਅਨ ਦੇਸ਼ ਵਿੱਚ ਮੁੱਠੀ ਭਰ ਸ਼ਰਨਾਰਥੀ ਹਨ, ਜਿਸ ਵਿੱਚ ਆਇਰਲੈਂਡ ਵਿੱਚ ਇੱਕ ਨੌਜਵਾਨ ਜੋੜਾ ਵੀ ਸ਼ਾਮਲ ਹੈ।

ਪੁਨਰਵਾਸ ਦੀ ਇਸ ਦੂਜੀ ਲਹਿਰ ਵਿੱਚ ਤਿੱਬਤੀ ਜਲਾਵਤਨ ਸਰਕਾਰ ਨੇ ਭਾਰਤ ਤੋਂ ਬਾਹਰ ਕਈ ਦੇਸ਼ਾਂ ਵਿੱਚ ਦਫ਼ਤਰ ਖੋਲ੍ਹੇ। ਪਹਿਲਾ ਕਾਠਮੰਡੂ ਵਿੱਚ, ਦੂਜਾ ਨਿਊਯਾਰਕ ਵਿੱਚ, ਅਤੇ ਫਿਰ ਇੱਕ-ਇੱਕ ਕਰਕੇ ਜ਼ਿਊਰਿਖ, ਟੋਕੀਓ, ਲੰਡਨ ਅਤੇ ਵਾਸ਼ਿੰਗਟਨ ਵਿੱਚ ਖੋਲ੍ਹਿਆ ਗਿਆ। ਇਨ੍ਹਾਂ ਦੇਸ਼ਾਂ ਵਿੱਚ ਰਹਿਣ ਵਾਲੇ ਤਿੱਬਤੀਆਂ ਦੇ ਹਿੱਤਾਂ ਦੀ ਦੇਖਭਾਲ ਕਰਨ ਤੋਂ ਇਲਾਵਾ, ਇਹ ਦਫ਼ਤਰ ਸਾਡੇ ਦੇਸ਼, ਸੱਭਿਆਚਾਰ, ਇਤਿਹਾਸ ਅਤੇ ਜੀਵਨ ਬਾਰੇ ਵੀ ਜਾਣਕਾਰੀ ਪ੍ਰਦਾਨ ਕਰਦੇ ਹਨ।

1968 ਵਿੱਚ ਮੈਂ ਸਵਰਗਾ ਆਸ਼ਰਮ, ਜੋ ਕਿ ਮੇਰਾ ਅੱਠ ਸਾਲਾਂ ਦਾ ਨਿਵਾਸ ਸੀ, ਤੋਂ ਬਾਇਰਨ ਕਾਟੇਜ ਨਾਮਕ ਇੱਕ ਛੋਟੇ ਘਰ ਵਿੱਚ ਜਾਣ ਦਾ ਫੈਸਲਾ ਕੀਤਾ। ਇਹ ਘਰ ਪਿਛਲੇ ਘਰ ਨਾਲੋਂ ਵੱਡਾ ਨਹੀਂ ਸੀ ਪਰ ਇਸ ਵਿੱਚ ਇੱਕ ਨਵਾਂ ਬਣਿਆ ਹੋਇਆ ਅਹਾਤਾ ਸੀ ਜਿਸ ਵਿੱਚ ਇੱਕ ਨਿੱਜੀ ਦਫ਼ਤਰ ਅਤੇ ਇੱਕ ਭਾਰਤੀ ਸੁਰੱਖਿਆ ਦਫ਼ਤਰ ਦੇ ਨਾਲ-ਨਾਲ ਇੱਕ ਅਧਿਆਪਨ ਕਮਰਾ ਅਤੇ ਮੇਰੇ ਲਈ ਇੱਕ ਦਫ਼ਤਰ ਸੀ। ਜਲਾਵਤਨ ਤਿੱਬਤੀ ਸਰਕਾਰ ਹੁਣ ਸੈਂਕੜੇ ਸਟਾਫ਼ ਵਾਲਾ ਇੱਕ ਮਜ਼ਬੂਤ ਸੰਗਠਨ ਸੀ। ਇਨ੍ਹਾਂ ਵਿੱਚੋਂ ਜ਼ਿਆਦਾਤਰ ਕੁਝ ਦੂਰੀ 'ਤੇ ਦਫ਼ਤਰਾਂ ਦੇ ਇੱਕ ਕੰਪਲੈਕਸ ਵਿੱਚ ਚਲੇ ਗਏ। ਜਦੋਂ ਇਹ ਪੁਨਰਗਠਨ ਹੋ ਰਿਹਾ ਸੀ ਤਾਂ ਮੇਰੀ ਮਾਂ ਇੱਕ ਨਵੇਂ ਘਰ, ਕਸ਼ਮੀਰ ਕਾਟੇਜ ਵਿੱਚ ਚਲੀ ਗਈ। ਹਾਲਾਂਕਿ ਸ਼ੁਰੂ ਵਿੱਚ ਉਹ ਜਾਣ ਲਈ ਬਹੁਤ ਉਤਸੁਕ ਨਹੀਂ ਸੀ ਅਤੇ ਮੈਂ ਹੁਣ ਦੁਬਾਰਾ ਇੱਕ ਸੱਚਾ ਭਿਕਸ਼ੂ ਜੀਵਨ ਜੀ ਸਕਦਾ ਸੀ ।

ਬਾਇਰਨ ਕਾਟੇਜ ਵਿਖੇ ਪਹੁੰਚਣ ਤੋਂ ਥੋੜ੍ਹੀ ਦੇਰ ਬਾਅਦ ਮੈਂ ਨਾਮਗਿਆਲ ਮੱਠ ਦੀ ਮੁੜ ਸਥਾਪਨਾ ਕੀਤੀ ਜਿਸ ਦੇ ਭਿਕਸ਼ੂ ਪਹਿਲਾਂ ਸਵਰਗ ਆਸ਼ਰਮ ਦੇ ਉੱਪਰ ਇੱਕ ਛੋਟੇ ਜਿਹੇ ਘਰ ਵਿੱਚ ਰਹਿੰਦੇ ਸਨ। ਇਹ ਉਸ ਥਾਂ ਤੋਂ ਬਹੁਤ ਦੂਰ ਨਹੀਂ ਹੈ ਜਿੱਥੇ ਮੈਂ ਅੱਜ ਰਹਿੰਦਾ ਹਾਂ। ਥੋੜ੍ਹੀ ਦੇਰ ਬਾਅਦ, 1970 ਵਿੱਚ, ਸੁਗਲਖਾਂਗੇ ਨਾਮਕ ਇੱਕ ਨਵਾਂ ਮੰਦਰ ਵੀ ਬਣ ਕੇ ਪੂਰਾ ਹੋਇਆ। ਇਸਦਾ ਮਤਲਬ ਸੀ ਕਿ ਮੈਂ ਹੁਣ ਇੱਕ ਢੁਕਵੇਂ ਵਾਤਾਵਰਣ ਵਿੱਚ ਰਵਾਇਤੀ ਤਿੱਬਤੀ ਕੈਲੰਡਰ ਦੇ ਵੱਖ-ਵੱਖ ਤਿਉਹਾਰਾਂ ਵਿੱਚ ਹਿੱਸਾ ਲੈ ਸਕਦਾ ਸੀ। ਅੱਜ ਨਾਮਗਿਆਲ ਦੇ ਨੇੜੇ ਬੋਧੀ ਅਧਿਐਨ ਦਾ ਇੱਕ ਸਕੂਲ ਹੈ ਜੋ ਮੱਠ ਭਾਈਚਾਰੇ ਵਿੱਚ ਬਹਿਸ ਦੀ ਕਲਾ ਨੂੰ ਜ਼ਿੰਦਾ ਰੱਖਦਾ ਹੈ। ਅਕਸਰ ਦੁਪਹਿਰ ਨੂੰ ਮੰਦਰ ਦਾ ਵਿਹੜਾ ਭਗਵਾ ਚੋਲੇ

ਪਹਿਨੇ ਨੌਜਵਾਨ ਭਿਕਸ਼ੂਆਂ ਨਾਲ ਭਰਿਆ ਹੁੰਦਾ ਹੈ ਜੋ ਆਪਣੀਆਂ ਪ੍ਰੀਖਿਆਵਾਂ ਲਈ ਅਭਿਆਸ ਕਰਦੇ ਸਮੇਂ ਤਾੜੀਆਂ ਮਾਰਦੇ, ਸਿਰ ਹਿਲਾਉਂਦੇ ਅਤੇ ਹੱਸਦੇ ਹਨ।

1963 ਵਿੱਚ ਮੈਂ ਬੋਨ ਧਰਮ ਦੇ ਪ੍ਰਤੀਨਿਧੀਆਂ ਸਮੇਤ ਵੱਖ-ਵੱਖ ਵਿਭਾਗਾਂ ਦੇ ਮੁਖੀਆਂ ਦੀ ਇੱਕ ਮੀਟਿੰਗ ਬੁਲਾਈ। ਅਸੀਂ ਤਿੱਬਤੀ ਬੋਧੀ ਸੱਭਿਆਚਾਰ ਦੇ ਵੱਖ-ਵੱਖ ਪਹਿਲੂਆਂ ਨੂੰ ਸੁਰੱਖਿਅਤ ਰੱਖਣ ਅਤੇ ਕਾਇਮ ਰੱਖਣ ਲਈ ਆਪਣੀਆਂ ਸਾਂਝੀਆਂ ਸਮੱਸਿਆਵਾਂ ਅਤੇ ਰਣਨੀਤੀਆਂ 'ਤੇ ਚਰਚਾ ਕੀਤੀ। ਕਈ ਦਿਨਾਂ ਬਾਅਦ ਮੈਂ ਅੰਤ ਵਿੱਚ ਸੰਤੁਸ਼ਟ ਹੋ ਗਿਆ ਕਿ ਜੇਕਰ ਸਾਨੂੰ ਸਹੀ ਸਹੂਲਤਾਂ ਮਿਲੀਆਂ ਤਾਂ ਸਾਡਾ ਧਰਮ ਬਚ ਜਾਵੇਗਾ। ਅਤੇ ਫਿਰ ਆਪਣੇ ਖੁਦ ਦੇ ਮੱਠ ਦੇ ਉਦਘਾਟਨ ਤੋਂ ਬਾਅਦ, ਮੈਂ ਕਰਨਾਟਕ ਦੇ ਦੱਖਣੀ ਰਾਜ ਵਿੱਚ ਬਕਸਾਦ੍ਵਾਰ ਦੇ ਬਾਕੀ 1,300 ਭਿਕਸ਼ੂਆਂ ਨਾਲ ਗੈਂਡੇਨ, ਸੇਰਾ ਅਤੇ ਟ੍ਰੇਪੁੰਗ ਮੱਠਾਂ ਦੀ ਮੁੜ ਸਥਾਪਨਾ ਕੀਤੀ।

ਅੱਜ, ਜਿਵੇਂ ਕਿ ਅਸੀਂ ਆਪਣੇ ਜਲਾਵਤਨੀ ਦੇ ਚੌਥੇ ਦਹਾਕੇ ਦੀ ਸ਼ੁਰੂਆਤ ਕਰ ਰਹੇ ਹਾਂ, ਸਾਡੇ ਕੋਲ ਮਜ਼ਬੂਤ ਲਗਭਗ 6,000 ਭਿਕਸ਼ੂਆਂ ਦਾ ਇੱਕ ਵੱਡਾ ਭਾਈਚਾਰਾ ਹੈ,। ਮੈਂ ਇੱਥੋਂ ਤੱਕ ਕਹਿਣਾ ਚਾਹਾਂਗਾ ਕਿ ਸਾਡੇ ਕੋਲ ਕਾਫ਼ੀ ਤੋਂ ਵੱਧ ਭਿਕਸ਼ੂ ਹਨ। ਪਰ ਅੰਤ ਵਿੱਚ ਜੋ ਮਾਇਨੇ ਰੱਖਦਾ ਹੈ ਉਹ ਗੁਣਵੱਤਾ ਅਤੇ ਵਚਨਬੱਧਤਾ ਹੈ, ਗਿਣਤੀ ਨਹੀਂ।

ਇੱਕ ਹੋਰ ਸੱਭਿਆਚਾਰਕ ਪ੍ਰੋਗਰਾਮ 1960 ਦੇ ਦਹਾਕੇ ਦੇ ਅਖੀਰ ਵਿੱਚ ਸ਼ੁਰੂ ਕੀਤਾ ਗਿਆ ਸੀ। ਇਹ ਤਿੱਬਤੀ ਵਰਕਸ ਐਂਡ ਆਰਕਾਈਵਜ਼ ਦੀ ਲਾਇਬ੍ਰੇਰੀ ਹੈ, ਜਿਸ ਵਿੱਚ ਨਾ ਸਿਰਫ਼ 40,000 ਤੋਂ ਵੱਧ ਮੂਲ ਤਿੱਬਤੀ ਲਿਖਤਾਂ ਹਨ, ਸਗੋਂ ਅੰਗਰੇਜ਼ੀ ਅਤੇ ਤਿੱਬਤੀ ਦੋਵਾਂ ਵਿੱਚ ਕਿਤਾਬਾਂ ਵੀ ਪ੍ਰਕਾਸ਼ਿਤ ਕਰਦਾ ਹੈ। 1990 ਦੌਰਾਨ ਇਸਨੇ ਅੰਗਰੇਜ਼ੀ ਵਿੱਚ ਆਪਣੀ 200ਵੀਂ ਕਿਤਾਬ ਪ੍ਰਕਾਸ਼ਿਤ ਕੀਤੀ। ਲਾਇਬ੍ਰੇਰੀ ਦੀ

ਇਮਾਰਤ ਰਵਾਇਤੀ ਤਿੱਬਤੀ ਸ਼ੈਲੀ ਵਿੱਚ ਬਣਾਈ ਗਈ ਹੈ ਅਤੇ ਸ਼ਰਨਾਰਥੀਆਂ ਦੁਆਰਾ ਵਾਪਸ ਲਿਆਂਦੀਆਂ ਗਈਆਂ ਵਸਤੂਆਂ ਨੂੰ ਰੱਖਦੀ ਹੈ। ਲੋਕਾਂ ਦੁਆਰਾ ਵਾਪਸ ਲਿਆਂਦੀਆਂ ਗਈਆਂ ਕੁਝ ਚੀਜ਼ਾਂ ਵਿੱਚ ਬਹੁਤ ਸਾਰੇ ਪਾਠ ਅਤੇ ਹੋਰ ਧਾਰਮਿਕ ਕਲਾਕ੍ਰਿਤੀਆਂ ਅਤੇ ਥੰਗਕਾ ਸ਼ਾਮਲ ਹਨ। ਇਹਨਾਂ ਵਿੱਚੋਂ ਬਹੁਤ ਸਾਰੀਆਂ ਵਿਸ਼ੇਸ਼ ਤੌਰ 'ਤੇ ਦਲਾਈ ਲਾਮਾ ਨੂੰ ਭੇਟ ਕੀਤੀਆਂ ਗਈਆਂ ਸਨ। ਮੈਂ ਇਹਨਾਂ ਸੰਸਥਾਵਾਂ ਨੂੰ ਇਹ ਚੀਜ਼ਾਂ ਦਾਨ ਕੀਤੀਆਂ।

ਦਰਅਸਲ, ਮੈਂ ਬਾਇਰਨ ਕਾਟੇਜ ਜਾਣ ਤੋਂ ਪਹਿਲਾਂ ਕਈ ਹਫ਼ਤਿਆਂ ਤੋਂ ਬਿਮਾਰ ਸੀ। ਜਦੋਂ ਮੈਂ 1966 ਦੇ ਸ਼ੁਰੂ ਵਿੱਚ ਭਾਰਤ-ਪਾਕਿ ਯੁੱਧ ਦੇ ਸ਼ੁਰੂ ਵਿੱਚ ਧਰਮਸ਼ਾਲਾ ਵਾਪਸ ਆਇਆ, ਤਾਂ ਮੈਂ ਬਹੁਤ ਸ਼ੌਕ ਨਾਲ ਸ਼ਾਕਾਹਾਰੀ ਭੋਜਨ ਖਾਧਾ। ਬਦਕਿਸਮਤੀ ਨਾਲ ਬਹੁਤ ਘੱਟ ਤਿੱਬਤੀ ਪਕਵਾਨ ਹਨ ਜੋ ਮਾਸ ਦੀ ਵਰਤੋਂ ਨਹੀਂ ਕਰਦੇ। ਇਸ ਲਈ ਰਸੋਈਏ ਨੂੰ ਮਾਸ ਤੋਂ ਬਿਨਾਂ ਸੁਆਦੀ ਭੋਜਨ ਬਣਾਉਣਾ ਸਿੱਖਣ ਵਿੱਚ ਕੁਝ ਸਮਾਂ ਲੱਗਿਆ। ਅੰਤ ਵਿੱਚ ਉਹ ਸਫਲ ਹੋਏ ਅਤੇ ਸੁਆਦੀ ਭੋਜਨ ਬਣਾਉਣਾ ਸ਼ੁਰੂ ਕਰ ਦਿੱਤਾ। ਮੈਨੂੰ ਇਹ ਵੀ ਪਸੰਦ ਹੈ। ਇਸ ਦੌਰਾਨ ਕਈ ਭਾਰਤੀ ਦੋਸਤਾਂ ਨੇ ਮੈਨੂੰ ਦੁੱਧ ਅਤੇ ਕਈ ਤਰ੍ਹਾਂ ਦੇ ਸੁੱਕੇ ਮੇਵੇ ਖੁਰਾਕ ਵਿੱਚ ਲੈਣ ਦੀ ਮਹੱਤਤਾ ਬਾਰੇ ਦੱਸਿਆ। ਮੈਂ ਪੂਰੀ ਸ਼ਰਧਾ ਨਾਲ ਉਨ੍ਹਾਂ ਦੀ ਸਲਾਹ ਦੀ ਪਾਲਣਾ ਕੀਤੀ। ਨਤੀਜੇ ਵਜੋਂ, ਵੀਹ ਮਹੀਨਿਆਂ ਬਾਅਦ ਮੈਨੂੰ ਗੰਭੀਰ ਪੀਲੀਆ ਹੋ ਗਿਆ।

ਪਹਿਲੇ ਦਿਨ ਮੈਨੂੰ ਉਲਟੀਆਂ ਆਈਆਂ। ਇਸ ਤੋਂ ਬਾਅਦ, ਦੋ ਜਾਂ ਤਿੰਨ ਹਫ਼ਤਿਆਂ ਲਈ ਮੇਰੀ ਭੁੱਖ ਘੱਟ ਗਈ ਅਤੇ ਮੈਂ ਪੂਰੀ ਤਰ੍ਹਾਂ ਕਮਜ਼ੋਰ ਹੋ ਗਿਆ। ਹਿੱਲਣ ਲਈ ਬਹੁਤ ਮਿਹਨਤ ਕਰਨੀ ਪੈਂਦੀ ਸੀ । ਇਸ ਸਭ ਤੋਂ ਉੱਪਰ, ਮੇਰੀ ਚਮੜੀ ਚਮਕਦਾਰ ਪੀਲੀ ਹੋ ਗਈ। ਮੈਂ ਖੁਦ ਬੁੱਧ ਵਰਗਾ ਦਿਖਾਈ ਦਿੰਦਾ ਸੀ।

ਕੁਝ ਕਹਿੰਦੇ ਹਨ ਕਿ ਦਲਾਈ ਲਾਮਾ ਸੋਨੇ ਦੇ ਪਿੰਜਰੇ ਵਿੱਚ ਕੈਦੀ ਵਾਂਗ ਰਹਿੰਦਾ ਹੈ: ਅਤੇ ਹੁਣ ਮੇਰਾ ਸਰੀਰ ਵੀ ਸੁਨਹਿਰੀ ਹੋ ਗਿਆ ਸੀ।

ਅਖੀਰ ਮੇਰੀ ਬਿਮਾਰੀ, ਜੋ ਕਿ ਹੈਪੇਟਾਈਟਸ ਬੀ ਨਿਕਲੀ , ਠੀਕ ਹੋ ਗਈ, ਪਰ ਤਿੱਬਤੀ ਦਵਾਈ ਦੀ ਭਰਪੂਰ ਮਾਤਰਾ ਲੈਣ ਤੋਂ ਬਾਅਦ ਹੀ, ਜਿਸ ਬਾਰੇ ਮੈਂ ਅਗਲੇ ਅਧਿਆਇ ਵਿੱਚ ਹੋਰ ਦੱਸਾਂਗਾ। ਜਦੋਂ ਮੈਂ ਦਿਲਚਸਪੀ ਨਾਲ ਦੁਬਾਰਾ ਖਾਣਾ ਸ਼ੁਰੂ ਕੀਤਾ, ਤਾਂ ਡਾਕਟਰਾਂ ਦੀ ਸਲਾਹ ਨਾ ਸਿਰਫ਼ ਘੱਟ ਚਿਕਨਾਈ ਵਾਲਾ ਭੋਜਨ, ਘੱਟ ਮੇਵੇ ਅਤੇ ਘੱਟ ਦੁੱਧ ਖਾਣ ਦੀ ਸੀ, ਸਗੋਂ ਦੁਬਾਰਾ ਮਾਸ ਖਾਣਾ ਵੀ ਸ਼ੁਰੂ ਕਰਨ ਦੀ ਸੀ। ਉਹ ਡਰ ਗਏ ਕਿ ਬਿਮਾਰੀ ਨੇ ਮੇਰੇ ਜਿਗਰ ਨੂੰ ਸਥਾਈ ਨੁਕਸਾਨ ਪਹੁੰਚਾਇਆ ਹੈ ਅਤੇ ਉਨ੍ਹਾਂ ਦੀ ਰਾਏ ਵਿੱਚ ਸ਼ਾਇਦ ਮੇਰੀ ਉਮਰ ਘਟਾ ਦਿੱਤੀ ਹੈ। ਬਹੁਤ ਸਾਰੇ ਭਾਰਤੀ ਡਾਕਟਰ ਵੀ ਇਸੇ ਰਾਏ ਦੇ ਸਨ। ਇਸ ਲਈ, ਝਿਜਕਦੇ ਹੋਏ ਮੈਂ ਦੁਬਾਰਾ ਮਾਸ ਖਾਣਾ ਸ਼ੁਰੂ ਕਰ ਦਿੱਤਾ। ਹੁਣ ਮੈਂ ਮਾਸ ਖਾਂਦਾ ਹਾਂ, ਪਰ ਜਦੋਂ ਮੈਨੂੰ ਅਧਿਆਤਮਿਕ ਗਤੀਵਿਧੀਆਂ ਕਰਨੀਆਂ ਪੈਂਦੀਆਂ ਹਨ ਤਾਂ ਨਹੀਂ ਖਾਂਦਾ । ਇਹ ਬਹੁਤ ਸਾਰੇ ਤਿੱਬਤੀਆਂ ਨਾਲ ਹੋਇਆ ਜਿਨ੍ਹਾਂ ਨੇ ਮੇਰੀ ਮਿਸਾਲ ਦੀ ਪਾਲਣਾ ਕੀਤੀ।

ਮੈਂ ਸ਼ੁਰੂ ਤੋਂ ਹੀ ਆਪਣੇ ਨਵੇਂ ਘਰ ਵਿੱਚ ਬਹੁਤ ਖੁਸ਼ ਸੀ। ਇਹ ਇਮਾਰਤ, ਸਵਰਗਾਸ਼ਰਮ ਵਾਂਗੂ ਰੁੱਖਾਂ ਨਾਲ ਘਿਰੀ ਹੋਈ ਸੀ, ਜਿਸਦਾ ਆਪਣਾ ਬਾਗ ਸੀ, ਅੰਗਰੇਜ਼ਾਂ ਦੁਆਰਾ ਇੱਕ ਪਹਾੜੀ ਦੀ ਚੋਟੀ 'ਤੇ ਵੀ ਬਣਾਈ ਗਈ ਸੀ। ਇੱਥੋਂ ਧਰਮਸ਼ਾਲਾ ਸਥਿਤ ਘਾਟੀ ਅਤੇ ਧੌਲਾਧਰ ਪਹਾੜੀ ਸ਼੍ਰੇਣੀਆਂ ਦਾ ਇੱਕ ਵਧੀਆ ਦ੍ਰਿਸ਼ ਮਿਲਦਾ ਹੈ। ਇਸਦੇ ਆਕਰਸ਼ਣਾਂ ਵਿੱਚੋਂ ਇੱਕ ਹਜ਼ਾਰਾਂ ਲੋਕਾਂ ਨੂੰ ਸੰਬੋਧਨ ਕਰਨ ਲਈ ਬਾਹਰੀ ਜਗ੍ਹਾ ਹੈ ਅਤੇ ਦੂਜਾ ਇਸਦਾ ਬਾਗ ਹੈ। ਮੈਂ ਸ਼ੁਰੂ ਤੋਂ ਹੀ ਇਸ 'ਤੇ ਕੰਮ ਕਰਨਾ ਸ਼ੁਰੂ ਕਰ ਦਿੱਤਾ ਅਤੇ ਫਲਾਂ ਦੇ ਦਰੱਖਤ ਅਤੇ ਫੁੱਲਾਂ ਦੇ ਪੌਦੇ ਲਗਾਏ। ਮੈਂ ਇਹ ਕੰਮ ਆਪਣੇ ਹੱਥਾਂ ਨਾਲ ਕੀਤਾ। ਮੈਨੂੰ ਬਾਗਬਾਨੀ ਕਰਨ ਦਾ ਮਜ਼ਾ ਆਉਂਦਾ ਹੈ। ਇਹ ਅਫ਼ਸੋਸ ਦੀ ਗੱਲ ਹੈ ਕਿ ਸਿਰਫ਼ ਕੁਝ ਰੁੱਖ ਹੀ ਫਲ

ਦਿੰਦੇ ਹਨ ਅਤੇ ਉਹ ਵੀ ਕੌੜੇ ਹੁੰਦੇ ਹਨ। ਪਰ ਮੈਨੂੰ ਪੰਛੀਆਂ ਅਤੇ ਇਸ 'ਤੇ ਆਉਣ ਵਾਲੇ ਕਈ ਤਰ੍ਹਾਂ ਦੇ ਜਾਨਵਰਾਂ ਨੂੰ ਦੇਖ ਕੇ ਦਿਲਾਸਾ ਮਿਲਦਾ ਹੈ।

ਮੈਨੂੰ ਬਾਗਬਾਨੀ ਨਾਲੋਂ ਵੀ ਜੰਗਲੀ ਜੀਵ ਦੇਖਣ ਦਾ ਜ਼ਿਆਦਾ ਸ਼ੌਕ ਹੈ। ਇਸ ਮਕਸਦ ਲਈ ਮੈਂ ਸਟੱਡੀ ਰੂਮ ਦੀ ਖਿੜਕੀ ਦੇ ਨੇੜੇ ਬਾਹਰ ਇੱਕ ਪੰਛੀਆਂ ਲਈ ਸਥਾਨ ਬਣਾਇਆ ਹੈ। ਇਹ ਤਾਰਾਂ ਅਤੇ ਜਾਲਾਂ ਨਾਲ ਘਿਰਿਆ ਹੋਇਆ ਹੈ ਤਾਂ ਜੋ ਉਨ੍ਹਾਂ ਨੂੰ ਉਨ੍ਹਾਂ ਵੱਡੇ ਸ਼ਿਕਾਰੀ ਪੰਛੀਆਂ ਤੋਂ ਬਚਾਇਆ ਜਾ ਸਕੇ ਜੋ ਉਨ੍ਹਾਂ ਦੇ ਛੋਟੇ ਭਰਾਵਾਂ ਨੂੰ ਫੜ ਲੈਂਦੇ ਹਨ। ਪਰ ਫਿਰ ਵੀ ਇਹ ਕੰਮ ਨਹੀਂ ਕਰਦਾ। ਕਈ ਵਾਰ ਮੈਨੂੰ ਇਨ੍ਹਾਂ ਮੋਟੇ, ਲਾਲਚੀ ਘੁਸਪੈਠੀਆਂ ਲਈ ਏਅਰ ਗਨ ਦੀ ਵਰਤੋਂ ਕਰਨੀ ਪੈਂਦੀ ਹੈ। ਜੋ ਮੈਨੂੰ ਭਾਰਤ ਆਉਣ ਤੋਂ ਤੁਰੰਤ ਬਾਅਦ ਮਿਲੀ। ਮੈਂ ਆਪਣੇ ਬਚਪਨ ਵਿੱਚ ਨੋਰਬੁਲਿੰਕਾ ਵਿੱਚ ਤੇਰ੍ਹਵੇਂ ਦਲਾਈ ਲਾਮਾ ਦੀ ਬੰਦੂਕ ਨਾਲ ਅਭਿਆਸ ਕਰਨ ਵਿੱਚ ਬਹੁਤ ਸਮਾਂ ਬਿਤਾਇਆ ਅਤੇ ਹੁਣ ਮੈਂ ਇੱਕ ਬਹੁਤ ਵਧੀਆ ਨਿਸ਼ਾਨੇਬਾਜ਼ ਹਾਂ। ਹਾਲਾਂਕਿ, ਮੈਂ ਉਨ੍ਹਾਂ ਨੂੰ ਨਹੀਂ ਮਾਰਦਾ। ਮੇਰਾ ਇਰਾਦਾ ਉਨ੍ਹਾਂ ਨੂੰ ਥੋੜ੍ਹੀ ਜਿਹੀ ਪਰੇਸ਼ਾਨੀ ਦੇਣਾ ਹੈ ਤਾਂ ਜੋ ਉਹ ਆਪਣੇ ਹੋਸ਼ ਵਿੱਚ ਆ ਜਾਣ।
ਬਾਇਰਨ ਕਾਟੇਜ ਵਿੱਚ ਮੇਰੇ ਦਿਨ ਪਹਿਲਾਂ ਵਾਂਗ ਹੀ ਬੀਤ ਗਏ।

ਮੈਂ ਹਰ ਸਰਦੀਆਂ ਵਿੱਚ ਸ਼ਰਨਾਰਥੀ ਬਸਤੀਆਂ ਵਿੱਚ ਜਾਂਦਾ ਸੀ ਅਤੇ ਸਮੇਂ-ਸਮੇਂ 'ਤੇ ਉਪਦੇਸ਼ ਦਿੰਦਾ ਸੀ। ਧਾਰਮਿਕ ਅਧਿਐਨ ਵੀ ਮੈਂ ਜਾਰੀ ਰੱਖਿਆ। ਉਸੇ ਸਮੇਂ ਮੈਂ ਪੱਛਮੀ ਵਿਚਾਰਾਂ ਬਾਰੇ ਥੋੜ੍ਹਾ ਜਿਹਾ ਪੜ੍ਹਨਾ ਸ਼ੁਰੂ ਕਰ ਦਿੱਤਾ, ਖਾਸ ਕਰਕੇ ਵਿਗਿਆਨ, ਖਗੋਲ ਵਿਗਿਆਨ ਅਤੇ ਦਰਸ਼ਨ ਦੇ ਖੇਤਰਾਂ ਵਿੱਚ। ਅਤੇ ਆਪਣੇ ਵਿਹਲੇ ਸਮੇਂ ਵਿੱਚ ਮੈਂ ਫੋਟੋਗ੍ਰਾਫੀ ਦੇ ਆਪਣੇ ਪੁਰਾਣੇ ਸ਼ੌਕ ਨੂੰ ਦੁਬਾਰਾ ਸ਼ੁਰੂ ਕੀਤਾ। ਤੇਰਾਂ

ਜਾਂ ਚੌਦਾਂ ਸਾਲ ਦੀ ਉਮਰ ਵਿੱਚ ਮੈਂ ਲਾਮਾ ਸੇਨਸ਼ਾਪ ਸੇਰਕਨ ਰਿਨਪੋਚੇ ਦੀ ਦਿਆਲਤਾ ਦੁਆਰਾ ਆਪਣਾ ਪਹਿਲਾ ਬਾਕਸ ਕੈਮਰਾ ਪ੍ਰਾਪਤ ਕੀਤਾ।

ਪਹਿਲਾਂ ਮੈਂ ਉਸਨੂੰ ਰੀਲਾਂ ਧੋਣ ਲਈ ਕਹਿੰਦਾ ਸੀ। ਫਿਰ ਉਹ ਦਿਖਾਵਾ ਕਰਦਾ ਸੀ ਕਿ ਰੀਲਾਂ ਓਹ ਧੋਂਦਾ ਸੀ । ਉਸਨੇ ਮੇਰੀ ਰੱਖਿਆ ਲਈ ਅਜਿਹਾ ਕੀਤਾ, ਕਿਉਂਕਿ ਉਸਨੂੰ ਡਰ ਸੀ ਕਿ ਕੋਈ ਅਜਿਹੀ ਫੋਟੋ ਹੋ ਸਕਦੀ ਹੈ ਜੋ ਦਲਾਈ ਲਾਮਾ ਲਈ ਢੁਕਵੀਂ ਨਹੀਂ ਸੀ। ਉਹ ਫਿਲਮਾਂ ਨੂੰ ਇੱਕ ਡੀਲਰ ਕੋਲ ਲੈ ਜਾਂਦਾ ਸੀ ਜੋ ਉਹਨਾਂ ਨੂੰ ਭਾਰਤ ਵਿੱਚ ਪ੍ਰੋਸੈਸ ਕਰਵਾਉਂਦਾ ਸੀ। ਬਾਅਦ ਵਿੱਚ ਮੈਂ ਨੋਰਬੁਲਿੰਕਾ ਵਿੱਚ ਇੱਕ ਹਨੇਰਾ ਕਮਰਾ ਬਣਾਇਆ ਅਤੇ ਆਪਣੇ ਇੱਕ ਕਰਮਚਾਰੀ, ਜਿਗਮੇ ਤਾਰਿੰਗ ਤੋਂ ਖੁਦ ਫੋਟੋਆਂ ਬਣਾਉਣਾ ਸਿੱਖਿਆ।

ਨਵੇਂ ਘਰ ਵਿੱਚ ਮੈਂ ਆਪਣਾ ਦੂਜਾ ਸ਼ੌਕ, ਘੜੀਆਂ ਦੀ ਮੁਰੰਮਤ, ਦੁਬਾਰਾ ਸ਼ੁਰੂ ਕੀਤਾ। ਇੱਥੇ ਪਿਛਲੇ ਘਰ ਨਾਲੋਂ ਜ਼ਿਆਦਾ ਜਗ੍ਹਾ ਸੀ। ਇਸ ਲਈ ਮੈਂ ਇੱਕ ਵਰਕਸ਼ਾਪ ਬਣਾਈ ਅਤੇ ਔਜ਼ਾਰ ਇਕੱਠੇ ਕੀਤੇ। ਜਿੱਥੋਂ ਤੱਕ ਮੈਨੂੰ ਯਾਦ ਹੈ, ਮੇਰੇ ਅਤੇ ਤੇਰ੍ਹਵੇਂ ਦਲਾਈ ਲਾਮਾ ਵਿਚਕਾਰ ਇੱਕੋ ਇੱਕ ਸਾਂਝਾ ਗੁਣ ਘੜੀਆਂ ਅਤੇ ਮਾਲਾ ਦੇ ਮਣਕਿਆਂ ਦਾ ਸ਼ੌਕ ਹੈ। ਅਤੇ ਜਦੋਂ ਮੈਂ ਸਾਡੇ ਸੁਭਾਅ ਵਿੱਚ ਅੰਤਰ ਦੇਖਦਾ ਹਾਂ, ਤਾਂ ਮੈਂ ਅਕਸਰ ਸੋਚਦਾ ਹਾਂ ਕਿ ਮੈਂ ਉਨ੍ਹਾਂ ਦਾ ਪੁਨਰਜਨਮ ਨਹੀਂ ਹੋ ਸਕਦਾ। ਪਰ ਜਦੋਂ ਮੈਂ ਘੜੀਆਂ ਅਤੇ ਮਾਲਾ ਦੇ ਮਣਕਿਆਂ ਵਿੱਚ ਸਾਡੀਆਂ ਰੁਚੀਆਂ 'ਤੇ ਵਿਚਾਰ ਕਰਦਾ ਹਾਂ, ਤਾਂ ਮੈਨੂੰ ਪਤਾ ਹੈ ਕਿ ਇਹ ਯਕੀਨੀ ਤੌਰ 'ਤੇ ਮੈਂ ਹਾਂ।

ਜਦੋਂ ਮੈਂ ਬਹੁਤ ਛੋਟਾ ਸੀ, ਮੇਰੇ ਕੋਲ ਆਪਣੇ ਪੂਰਵਜ ਦੀ ਜੇਬ ਘੜੀ ਸੀ। ਪਰ ਮੈਂ ਇੱਕ ਗੁੱਟ ਘੜੀ ਚਾਹੁੰਦਾ ਸੀ। ਹਾਲਾਂਕਿ ਲੋਕਾਂ ਨੇ ਮੈਨੂੰ ਇਸਦੇ ਵਿਰੁੱਧ ਸਲਾਹ ਦਿੱਤੀ, । ਜਦੋਂ ਮੈਂ ਸੇਰਖਾਨ ਰਿਨਪੋਚੇ ਨੂੰ

ਯਕੀਨ ਦਿਵਾਉਣ ਲਈ ਕਾਫ਼ੀ ਵੱਡਾ ਹੋ ਗਿਆ ਸੀ ਕਿ ਮੈਨੂੰ ਸੱਚਮੁੱਚ ਘੜੀਆਂ ਚਾਹੀਦੀਆਂ ਹਨ, ਤਾਂ ਉਸਨੇ ਮੈਨੂੰ ਲਹਾਸਾ ਬਾਜ਼ਾਰ ਤੋਂ ਇੱਕ ਰੋਲੈਕਸ ਅਤੇ ਇੱਕ ਓਮੇਗਾ ਘੜੀ ਖਰੀਦ ਕੇ ਦਿੱਤੀ । ਇਹ ਅਵਿਸ਼ਵਾਸ਼ਯੋਗ ਜਾਪਦਾ ਹੈ, ਪਰ ਇਹ ਸੱਚ ਹੈ ਕਿ ਪੁਰਾਣੇ ਦਿਨਾਂ ਵਿੱਚ, ਚੀਨੀਆਂ ਵੱਲੋਂ ਸਾਨੂੰ ਸੱਭਿਅਤਾ ਸਿਖਾਉਣ ਆਉਣ ਤੋਂ ਪਹਿਲਾਂ, ਲਹਾਸਾ ਵਿੱਚ ਸਵਿਸ ਘੜੀਆਂ ਖਰੀਦਣਾ ਸੰਭਵ ਸੀ। ਦਰਅਸਲ, ਬਹੁਤ ਘੱਟ ਚੀਜ਼ਾਂ ਹੋਣਗੀਆਂ ਜੋ ਉੱਥੇ ਉਪਲਬਧ ਨਹੀਂ ਸਨ। ਨਹੀਂ ਤਾਂ, ਇੰਗਲੈਂਡ ਦੇ ਯਾਰਲੇ ਸਾਬਣ ਅਤੇ ਮਾਰਮਾਈਟ ਤੋਂ ਲੈ ਕੇ ਲਾਈਫ ਮੈਗਜ਼ੀਨ ਦੇ ਪਿਛਲੇ ਮਹੀਨੇ ਦੇ ਅੰਕ ਤੱਕ ਸਭ ਕੁਝ ਉੱਥੇ ਆਸਾਨੀ ਨਾਲ ਉਪਲਬਧ ਸੀ।

ਇਹ ਕਹਿਣ ਦੀ ਲੋੜ ਨਹੀਂ ਕਿ ਘੜੀਆਂ ਮਿਲਦੇ ਹੀ ਮੈਂ ਸਭ ਤੋਂ ਪਹਿਲਾਂ ਉਨ੍ਹਾਂ ਨੂੰ ਖੋਲ੍ਹਣ ਦਾ ਕੰਮ ਕੀਤਾ। ਪਹਿਲਾਂ, ਜਦੋਂ ਮੈਂ ਅੰਦਰ ਛੋਟੇ-ਛੋਟੇ ਹਿੱਸੇ ਦੇਖੇ, ਤਾਂ ਮੈਨੂੰ ਆਪਣੀ ਜਲਦਬਾਜ਼ੀ 'ਤੇ ਪਛਤਾਵਾ ਹੋਇਆ, ਪਰ ਉਨ੍ਹਾਂ ਨੂੰ ਵਾਪਸ ਇਕੱਠੇ ਕਰਨ ਅਤੇ ਹੌਲੀ ਕਰਨ ਜਾਂ ਤੇਜ਼ ਕਰਨ ਦਾ ਤਰੀਕਾ ਸਿੱਖਣ ਵਿੱਚ ਮੈਨੂੰ ਜ਼ਿਆਦਾ ਸਮਾਂ ਨਹੀਂ ਲੱਗਾ। ਜਦੋਂ ਮੈਂ ਉਨ੍ਹਾਂ ਲਈ ਇੱਕ ਵਰਕਸ਼ਾਪ ਲਗਾਈ ਤਾਂ ਮੈਂ ਵੀ ਓਨਾ ਹੀ ਖੁਸ਼ ਸੀ। ਮੈਂ ਆਪਣੇ ਪਰਿਵਾਰ ਅਤੇ ਦੋਸਤਾਂ ਦੀਆਂ ਕੁਝ ਟੁੱਟੀਆਂ ਘੜੀਆਂ ਦੀ ਮੁਰੰਮਤ ਵੀ ਕੀਤੀ। ਔਜ਼ਾਰ ਅਜੇ ਵੀ ਤਿਆਰ ਹਨ, ਪਰ ਮੈਨੂੰ ਸਮਾਂ ਨਹੀਂ ਮਿਲਦਾ। ਅਤੇ ਫਿਰ, ਅੱਜਕੱਲ੍ਹ ਬਣੀਆਂ ਬਹੁਤ ਸਾਰੀਆਂ ਘੜੀਆਂ ਬਿਨਾਂ ਕਿਸੇ ਸਕ੍ਰੈਚ ਦੇ ਨਹੀਂ ਖੁੱਲ੍ਹਦੀਆਂ। ਮੈਨੂੰ ਡਰ ਹੈ ਕਿ ਮੈਂ ਬਹੁਤ ਸਾਰੇ ਲੋਕਾਂ ਨੂੰ ਨਿਰਾਸ਼ ਕੀਤਾ ਹੋਵੇਗਾ ਜਿਨ੍ਹਾਂ ਦੀਆਂ ਘੜੀਆਂ ਮੈਂ ਉਨ੍ਹਾਂ ਦੀ ਮੁਰੰਮਤ ਕਰਨ ਤੋਂ ਬਾਅਦ ਵਾਪਸ ਕੀਤੀਆਂ ਸਨ, ਉਹ ਨਵੀਆਂ ਜਿੰਨੀਆਂ ਵਧੀਆ ਨਹੀਂ ਸਨ।

ਆਧੁਨਿਕ ਤਕਨਾਲੋਜੀ ਨਾਲ ਮੇਰਾ ਸਮਾਂ ਬਹੁਤ ਵਧੀਆ ਰਿਹਾ ਹੈ, ਪਰ ਇਹ ਡਿਜੀਟਲ ਘੜੀਆਂ ਮੇਰੇ ਨਾਲ ਫਿੱਟ ਨਹੀਂ ਬੈਠਦੀਆਂ। ਮੈਂ ਅਜਿਹੀਆਂ ਬਹੁਤ ਸਾਰੀਆਂ ਘੜੀਆਂ ਨੂੰ ਖਰਾਬ ਕਰ ਦਿੱਤਾ ਹੈ। ਇਨ੍ਹਾਂ ਵਿੱਚੋਂ ਇੱਕ ਸੁੰਦਰ ਸੋਨੇ ਦੀ ਪਾਟੇਕ ਫਿਲਿਪ ਘੜੀ ਸੀ ਜੋ ਰਾਸ਼ਟਰਪਤੀ ਰੂਜ਼ਵੈਲਟ ਨੇ ਮੈਨੂੰ ਤੋਹਫ਼ੇ ਵਜੋਂ ਦਿੱਤੀ ਸੀ। ਇਸ ਵਿੱਚ ਇੱਕ ਵੱਖਰੀ ਸੈਕੰਡ ਦੀ ਸੂਈ ਅਤੇ ਤਾਰੀਖ ਸੀ। ਇਹ ਨਾ ਸਿਰਫ਼ ਮੇਰੀ ਸਮਝ ਤੋਂ ਪਰੇ ਸੀ, ਸਗੋਂ ਪੇਸ਼ੇਵਰ ਘੜੀ ਬਣਾਉਣ ਵਾਲੇ ਵੀ ਇਸਨੂੰ ਸਮਝ ਨਹੀਂ ਸਕੇ ਜਿਨ੍ਹਾਂ ਕੋਲ ਮੈਂ ਇਸਨੂੰ ਖਰਾਬ ਕਰਨ ਤੋਂ ਬਾਅਦ ਮੁਰੰਮਤ ਲਈ ਭੇਜਿਆ ਸੀ। ਜਦੋਂ ਮੈਂ ਕਈ ਸਾਲ ਪਹਿਲਾਂ ਸਵਿਟਜ਼ਰਲੈਂਡ ਦੀ ਯਾਤਰਾ 'ਤੇ ਗਿਆ ਸੀ, ਤਾਂ ਮੈਂ ਇਸਨੂੰ ਨਿਰਮਾਤਾ ਨੂੰ ਦੇ ਦਿੱਤਾ ਸੀ। ਉਹ ਇਕੱਲਾ ਹੀ ਸੀ ਜੋ ਇਸਨੂੰ ਮੁਰੰਮਤ ਕਰ ਸਕਦਾ ਸੀ। ਖੁਸ਼ਕਿਸਮਤੀ ਨਾਲ, ਲਹਾਸਾ ਤੋਂ ਭੱਜਣ ਦੇ ਸਮੇਂ, ਇਹ ਇੱਕ ਭਾਰਤੀ ਘੜੀ ਬਣਾਉਣ ਵਾਲੇ ਕੋਲ ਸੀ। ਮੈਂ ਆਪਣੀ ਸਰਕਾਰ ਦੇ ਇੱਕ ਮੈਂਬਰ ਦੀ ਇੱਕ ਹੋਰ ਘੜੀ ਨੂੰ ਖਰਾਬ ਕਰ ਦਿੱਤਾ ਸੀ। ਮੈਨੂੰ ਅਫ਼ਸੋਸ ਹੈ ਕਿ ਮੈਨੂੰ ਇਸਦੇ ਟੁਕੜੇ ਇੱਕ ਲਿਫਾਫੇ ਵਿੱਚ ਪਾ ਕੇ ਉਸਨੂੰ ਭੇਜਣੇ ਪਏ।

ਲੱਗਦੇ ਹੱਥ , ਮੈਨੂੰ ਉਨ੍ਹਾਂ ਤਿੰਨ ਬਿੱਲੀਆਂ ਬਾਰੇ ਵੀ ਗੱਲ ਕਰਨ ਦਿਓ ਜਿਨ੍ਹਾਂ ਨੂੰ ਮੈਂ ਭਾਰਤ ਆਉਣ ਤੋਂ ਬਾਅਦ ਪਾਲਿਆ ਸੀ। ਪਹਿਲੀ ਬਿੱਲੀ 1960 ਦੇ ਦਹਾਕੇ ਦੇ ਅਖੀਰ ਵਿੱਚ ਸਾਡੇ ਕੋਲ ਆਈ ਸੀ। ਇਹ ਇੱਕ ਕਾਲੇ -ਚਿੱਟਾ ਧੱਬੇ ਵਾ,ਲੀ ਸੇਰਿੰਗ (sering) ਸੀ ਜਿਸ ਵਿੱਚ ਦੋਸਤਾਨਾ ਹੋਣ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਗੁਣ ਸਨ। ਮੇਰੇ ਘਰ ਵਿੱਚ, ਜਾਨਵਰਾਂ ਨੂੰ ਬਹੁਤ ਸਾਰੇ ਨਿਯਮਾਂ ਦੇ ਅਧੀਨ ਰਹਿਣਾ ਪੈਂਦਾ ਹੈ, ਜਿਨ੍ਹਾਂ ਵਿੱਚੋਂ ਇੱਕ ਇਹ ਹੈ ਕਿ ਉਹਨਾਂ ਨੂੰ ਭਿਕਸ਼ੂਆਂ ਅਤੇ ਨਨਾਂ ਵਾਂਗ ਹੋਣਾ ਚਾਹੀਦਾ ਹੈ। ਪਰ ਸੇਰਿੰਗ ਵਿੱਚ ਇੱਕ ਬੁਰਾਈ ਸੀ ਜਿਸਨੂੰ ਮੈਂ, ਇੱਕ ਬੋਧੀ, ਬਰਦਾਸ਼ਤ ਨਹੀਂ ਕਰ ਸਕਦਾ ਸੀ। ਉਸ ਵਿੱਚ ਚੂਹਿਆਂ ਦਾ ਪਿੱਛਾ ਕਰਨ ਦੀ ਬੁਰਾਈ ਸੀ। ਮੈਨੂੰ ਇਸਦੇ ਲਈ ਉਸਨੂੰ ਕਈ ਵਾਰ

ਅਨੁਸ਼ਾਸਨ ਵਿੱਚ ਰੱਖਣਾ ਪਿਆ । ਪਰ ਉਹ ਇੱਕ ਮੌਕੇ 'ਤੇ ਆਪਣੀ ਜਾਨ ਗੁਆ ਬੈਠੀ। ਦਰਅਸਲ ਇੱਕ ਚੂਹੇ ਨੂੰ ਮਾਰ ਰਹੀ ਸੀ। ਜਦੋਂ ਮੈਂ ਰੌਲਾ ਪਾਇਆ, ਤਾਂ ਉਹ ਪਰਦੇ ਦੇ ਉੱਪਰ ਚੜ੍ਹ ਗਈ ਅਤੇ ਉੱਪਰੋਂ ਥੱਲੇ ਪੱਕੀ ਜ਼ਮੀਨ 'ਤੇ ਡਿੱਗੀ ਅਤੇ ਬੁਰੀ ਤਰ੍ਹਾਂ ਜ਼ਖਮੀ ਹੋ ਗਈ। ਮੇਰੇ ਸਭ ਤੋਂ ਵਧੀਆ ਇਲਾਜ ਦੇ ਬਾਵਜੂਦ, ਉਹ ਠੀਕ ਨਹੀਂ ਹੋ ਸਕੀ ਅਤੇ ਕੁਝ ਦਿਨਾਂ ਦੇ ਅੰਦਰ ਹੀ ਮਰ ਗਈ।

ਕੁਝ ਦਿਨਾਂ ਬਾਅਦ ਮੈਂ ਬਾਗ਼ ਵਿੱਚ ਇੱਕ ਬਿੱਲੀ ਦਾ ਬੱਚਾ ਦੇਖਿਆ ਜਿਸਨੂੰ ਸ਼ਾਇਦ ਇਸਦੀ ਮਾਂ ਨੇ ਛੱਡ ਦਿੱਤਾ ਸੀ। ਜਦੋਂ ਮੈਂ ਇਸਨੂੰ ਚੁੱਕਿਆ, ਤਾਂ ਇਸਦੇ ਪਿਛਲੇ ਪੈਰ ਉਸੇ ਤਰ੍ਹਾਂ ਝੁਕੇ ਹੋਏ ਸਨ ਜਿਵੇਂ ਉਸਦੀ ਮੌਤ ਦੇ ਸਮੇਂ ਸੇਰਿੰਗ ਦੇ ਸਨ। ਮੈਂ ਇਸਨੂੰ ਘਰ ਲਿਆਇਆ ਅਤੇ ਇਸਦੀ ਦੇਖਭਾਲ ਕੀਤੀ ਜਦੋਂ ਤੱਕ ਇਹ ਸਹੀ ਤਰ੍ਹਾਂ ਤੁਰਨ ਨਹੀਂ ਲੱਗਾ । ਸੇਰਿੰਗ ਵਾਂਗ, ਇਹ ਵੀ ਇੱਕ ਮਾਦਾ ਸੀ ਪਰ ਵਧੇਰੇ ਸੁੰਦਰ ਅਤੇ ਕੋਮਲ ਸੀ । ਉਹ ਮੇਰੇ ਦੋਵਾਂ ਕੁੱਤਿਆਂ ਨਾਲ ਵੀ ਚੰਗੀ ਤਰ੍ਹਾਂ ਰਚ ਮਿਚ ਗਈ ਸੀ। ਖਾਸ ਕਰਕੇ ਸਾਂਗਯੇ ਨਾਲ ਜਿਸਦੀ ਵਾਲਾਂ ਵਾਲੀ ਛਾਤੀ 'ਤੇ ਉਹ ਲੇਟਣਾ ਪਸੰਦ ਕਰਦੀ ਸੀ।

ਜਦੋਂ ਉਹ ਵੀ ਦੋਵਾਂ ਕੁੱਤਿਆਂ ਤੋਂ ਬਾਅਦ ਮਰ ਗਈ, ਤਾਂ ਮੈਂ ਪਾਲਤੂ ਜਾਨਵਰ ਨਾ ਰੱਖਣ ਦਾ ਫੈਸਲਾ ਕੀਤਾ। ਮੇਰੇ ਸੀਨੀਅਰ ਅਧਿਆਪਕ ਅਤੇ ਮਹਾਨ ਜਾਨਵਰ ਪ੍ਰੇਮੀ ਲਿੰਗ ਰਿਨਪੋਚੇ ਨੇ ਇੱਕ ਵਾਰ ਕਿਹਾ ਸੀ ਕਿ "**ਪਾਲਤੂ ਜਾਨਵਰ ਆਖਰਕਾਰ ਉਨ੍ਹਾਂ ਦੇ ਮਾਲਕਾਂ ਲਈ ਚਿੰਤਾ ਦਾ ਇੱਕ ਵਾਧੂ ਸਰੋਤ ਹੁੰਦੇ ਹਨ।**" ਇਸ ਤੋਂ ਇਲਾਵਾ, ਬੋਧੀ ਵਿਚਾਰਧਾਰਾ ਦੇ ਅਨੁਸਾਰ, ਜਦੋਂ ਸਾਰੇ ਸੰਵੇਦਨਸ਼ੀਲ ਜੀਵਾਂ ਨੂੰ ਤੁਹਾਡੀਆਂ ਪ੍ਰਾਰਥਨਾਵਾਂ ਅਤੇ ਦੇਖਭਾਲ ਦੀ ਲੋੜ ਹੁੰਦੀ ਹੈ, ਤਾਂ ਸਿਰਫ਼ ਇੱਕ ਜਾਂ ਦੋ ਜੀਵਾਂ ਦੀ ਦੇਖਭਾਲ ਕਰਨ ਅਤੇ ਸੋਚਣ ਦਾ ਕੀ ਮਤਲਬ ਹੈ?

ਪਰ 1988 ਦੀਆਂ ਸਰਦੀਆਂ ਵਿੱਚ, ਮੈਨੂੰ ਆਪਣੇ ਘਰ ਦੇ ਮੁੱਖ ਪ੍ਰਵੇਸ਼ ਦੁਆਰ ਦੇ ਸਾਹਮਣੇ ਰਸੋਈ ਵਿੱਚ ਇੱਕ ਬਿਮਾਰ ਬਿੱਲੀ ਦਾ ਬੱਚਾ ਅਤੇ ਉਸਦੀ ਮਾਂ ਮਿਲੀ। ਮੈਂ ਉਨ੍ਹਾਂ ਨੂੰ ਪਨਾਹ ਦਿੱਤੀ। ਮੈਂ ਇਹ ਦੇਖ ਕੇ

ਹੈਰਾਨ ਰਹਿ ਗਿਆ ਕਿ ਇਸ ਦੀਆਂ ਪਿਛਲੀਆਂ ਲੱਤਾਂ ਇਸਦੇ ਦੋ ਪੂਰਵਜਾਂ ਵਾਂਗ ਝੁਕੀਆਂ ਹੋਈਆਂ ਸਨ। ਇਸ ਲਈ ਮੈਂ ਇਸਨੂੰ ਤਿੱਬਤੀ ਦਵਾਈ ਅਤੇ ਦੁੱਧ ਇੱਕ ਡਰਾਪਰ ਰਾਹੀਂ ਖੁਆਇਆ

ਜਦੋਂ ਤੱਕ ਉਹ ਤੁਰਨ ਦੇ ਯੋਗ ਨਹੀਂ ਹੋਈ ਅਤੇ ਫਿਰ ਸਾਡੇ ਪਰਿਵਾਰ ਵਿੱਚ ਸ਼ਾਮਲ ਹੋ ਗਈ। ਇਹਨਾਂ ਸਤਰਾਂ ਨੂੰ ਲਿਖਣ ਦੇ ਸਮੇਂ ਤੱਕ ਉਸਦਾ ਕੋਈ ਨਾਮ ਨਹੀਂ ਹੈ , ਉਸਨੂੰ ਸਮੇਂ ਸਿਰ ਮਿਲ ਜਾਵੇਗਾ। ਇਸ ਦੌਰਾਨ ਉਹ ਬਹੁਤ ਜੀਵੰਤ ਅਤੇ ਉਤਸੁਕ ਸਾਬਤ ਹੋਈ ਹੈ। ਜਦੋਂ ਵੀ ਕੋਈ ਮੈਨੂੰ ਮਿਲਣ ਆਉਂਦਾ ਹੈ ਤਾਂ ਉਹ ਨਿਰੀਖਣ ਕਰਨ ਆਉਂਦੀ ਹੈ। ਹੁਣ ਤੱਕ ਉਹ ਚੂਹਿਆਂ ਦਾ ਪਿੱਛਾ ਨਹੀਂ ਕਰਦੀ ਪਰ ਜੇਕਰ ਉਸਨੂੰ ਮੇਰੀ ਮੇਜ਼ 'ਤੇ ਖਾਣਾ ਲੱਗਦਾ ਹੈ ਤਾਂ ਉਹ ਆਪਣੇ ਆਪ ਨੂੰ ਕਾਬੂ ਕਰਨ ਵਿੱਚ ਅਸਮਰੱਥ ਹੁੰਦੀ ਹੈ।

ਮੈਂ ਜਾਨਵਰਾਂ ਬਾਰੇ ਬਹੁਤ ਕੁਝ ਦੇਖਿਆ ਹੈ ਕਿ ਭਾਵੇਂ ਉਹ ਪਾਲਤੂ ਹੋਣ ਅਤੇ ਸਾਰੀਆਂ ਸਹੂਲਤਾਂ ਹੋਣ ਤਾਂ ਵੀ ਉਹ ਮੌਕਾ ਮਿਲਣ 'ਤੇ ਭੱਜਣ ਲਈ ਹਮੇਸ਼ਾ ਤਿਆਰ ਰਹਿੰਦੇ ਹਨ। ਇਹ ਮੇਰੇ ਵਿਸ਼ਵਾਸ ਨੂੰ ਮਜ਼ਬੂਤ ਕਰਦਾ ਹੈ ਕਿ ਹਰ ਜੀਵ ਦੀ ਆਜ਼ਾਦੀ ਦੀ ਇੱਛਾ ਹੁੰਦੀ ਹੈ।

ਸਮਾਜ ਦੇ ਵੱਖ-ਵੱਖ ਵਰਗਾਂ ਦੇ ਲੋਕਾਂ ਨੂੰ ਮਿਲਣਾ ਮੇਰੇ ਤੀਹ ਸਾਲਾਂ ਦੇ ਜਲਾਵਤਨੀ ਦਾ ਇੱਕ ਮਹੱਤਵਪੂਰਨ ਪਹਿਲੂ ਰਿਹਾ ਹੈ। ਸ਼ੁਕਰ ਹੈ ਕਿ ਭਾਰਤ ਇੱਕ ਆਜ਼ਾਦ ਦੇਸ਼ ਹੈ ਅਤੇ ਇੱਥੇ ਕੋਈ ਪਾਬੰਦੀ ਨਹੀਂ ਹੈ ਕਿ ਮੈਂ ਕਿਸ ਨੂੰ ਮਿਲ ਸਕਦਾ ਹਾਂ ਅਤੇ ਕਿਸ ਨੂੰ ਨਹੀਂ। ਕਈ ਵਾਰ ਮੈਨੂੰ ਸੱਚਮੁੱਚ ਅਸਾਧਾਰਨ ਲੋਕਾਂ ਨੂੰ ਮਿਲਣ ਦਾ ਮੌਕਾ ਮਿਲਿਆ ਹੈ। ਪਰ ਮੈਂ ਉਨ੍ਹਾਂ ਲੋਕਾਂ ਨੂੰ ਵੀ ਮਿਲਦਾ ਹਾਂ ਜੋ

ਮਾਨਸਿਕ ਤੌਰ 'ਤੇ ਅਤੇ ਸਰੀਰਕ ਤੌਰ 'ਤੇ ਬਿਮਾਰ ਹਨ। ਪਰ ਜ਼ਿਆਦਾਤਰ ਮੈਂ ਆਮ ਆਦਮੀਆਂ ਅਤੇ ਔਰਤਾਂ ਨੂੰ ਮਿਲਦਾ ਹਾਂ।

ਜਦੋਂ ਵੀ ਮੈਂ ਲੋਕਾਂ ਨੂੰ ਮਿਲਦਾ ਹਾਂ ਤਾਂ ਮੇਰਾ ਉਦੇਸ਼ ਉਹ ਕਰਨਾ ਹੁੰਦਾ ਹੈ ਜੋ ਮੈਂ ਕਰ ਸਕਦਾ ਹਾਂ ਅਤੇ ਜੋ ਮੈਂ ਸਿੱਖ ਸਕਦਾ ਹਾਂ ਉਹ ਸਿੱਖਾਂ ।

ਕਈ ਵਾਰ ਗੱਲਬਾਤ ਅਜੀਬ ਹੁੰਦੀ ਹੈ ਪਰ ਮੈਨੂੰ ਯਾਦ ਹੈ ਕਿ ਹਰ ਮਾਮਲੇ ਵਿੱਚ ਮੈਂ ਮਹਿਮਾਨ ਨੂੰ ਦੋਸਤਾਨਾ ਢੰਗ ਨਾਲ ਛੱਡਿਆ ਹੈ। ਮੈਨੂੰ ਲੱਗਦਾ ਹੈ ਕਿ ਇਹ ਸਿਰਫ਼ ਸੱਚਾਈ ਦੀ ਪ੍ਰੇਰਨਾ ਕਾਰਨ ਹੀ ਸੰਭਵ ਹੋਇਆ ਹੈ।

ਮੈਂ ਖਾਸ ਤੌਰ 'ਤੇ ਵੱਖ-ਵੱਖ ਧਾਰਮਿਕ ਪਰੰਪਰਾਵਾਂ ਦੇ ਲੋਕਾਂ ਨੂੰ ਮਿਲ ਕੇ ਖੁਸ਼ ਹਾਂ, ਜਿਨ੍ਹਾਂ ਵਿੱਚ ਪਛੜੇ ਖੇਤਰਾਂ ਦੇ ਲੋਕ ਵੀ ਸ਼ਾਮਲ ਹਨ। ਇੱਕ ਮਸ਼ਹੂਰ ਉਦਾਹਰਣ ਜੇ. ਕ੍ਰਿਸ਼ਨਾਮੂਰਤੀ ਹੈ। ਮੈਂ ਉਸਨੂੰ ਇੱਕ ਬਹੁਤ ਹੀ ਬੁੱਧੀਮਾਨ, ਪੜ੍ਹਿਆ-ਲਿਖਿਆ ਅਤੇ ਪ੍ਰਭਾਵਸ਼ਾਲੀ ਆਦਮੀ ਪਾਇਆ। ਭਾਵੇਂ ਉਹ ਸਾਦਾ ਦਿਖਾਈ ਦਿੰਦਾ ਸੀ, ਪਰ ਜੀਵਨ ਅਤੇ ਇਸਦੇ ਅਰਥ ਬਾਰੇ ਉਸਦੇ ਬਹੁਤ ਸਪੱਸ਼ਟ ਵਿਚਾਰ ਸਨ। ਅੰਤ ਵਿੱਚ ਮੈਂ ਉਸਦੇ ਬਹੁਤ ਸਾਰੇ ਪੈਰੋਕਾਰਾਂ ਨੂੰ ਮਿਲਿਆ ਜਿਨ੍ਹਾਂ ਨੂੰ ਉਸਦੀ ਸਿੱਖਿਆ ਤੋਂ ਬਹੁਤ ਲਾਭ ਹੋਇਆ।

ਉਸ ਸਮੇਂ ਦੀ ਸਭ ਤੋਂ ਮਿੱਠੀ ਯਾਦ ਉਹ ਹੈ ਜਦੋਂ ਮੈਨੂੰ ਫਾਦਰ ਥਾਮਸ ਮਰਟਨ, ਇੱਕ ਅਮਰੀਕੀ ਬੇਨੇਡਿਕਟਾਈਨ ਭਿਕਸ਼ੂ ਨੂੰ ਮਿਲਣ ਦਾ ਸੁਭਾਗ ਮਿਲਿਆ। ਉਹ ਨਵੰਬਰ 1968 ਵਿੱਚ, ਥਾਈਲੈਂਡ ਵਿੱਚ ਆਪਣੀ ਦੁਖਦਾਈ ਮੌਤ ਤੋਂ ਕੁਝ ਹਫ਼ਤੇ ਪਹਿਲਾਂ ਧਰਮਸ਼ਾਲਾ ਆਇਆ ਸੀ। ਅਸੀਂ ਤਿੰਨ ਦਿਨਾਂ ਲਈ ਹਰ ਰੋਜ਼ ਦੋ ਘੰਟੇ ਮਿਲਦੇ ਸੀ। ਮਰਟਨ ਦਰਮਿਆਨੇ ਕੱਦ ਦਾ, ਚੰਗੀ ਸਿਹਤ ਅਤੇ ਥੋੜ੍ਹਾ ਗੰਜਾ ਸੀ,

ਵੱਡੇ ਬੂਟ ਅਤੇ ਉਸਦੀ ਕਮਰ ਦੁਆਲੇ ਇੱਕ ਚੌੜੀ ਚਮੜੇ ਦੀ ਬੈਲਟ, ਉਸਦੇ ਭਾਰੀ ਚਿੱਟੇ ਚੋਲੇ ਉੱਤੇ ਰਹਿੰਦੇ ਸੀ। ਪਰ ਇਸ ਬਾਹਰੀ ਦਿੱਖ ਦੀ ਯਾਦ ਤੋਂ ਵੀ ਵੱਡਾ ਅੰਦਰੂਨੀ ਚਰਿੱਤਰ ਸੀ ਜੋ ਉਸਨੇ ਪ੍ਰਗਟ ਕੀਤਾ। ਉਹ ਸੱਚਮੁੱਚ ਇੱਕ ਨਿਮਰ ਅਤੇ ਦਿਲੋਂ ਅਧਿਆਤਮਿਕ ਆਦਮੀ ਸੀ। ਇਹ ਪਹਿਲੀ ਵਾਰ ਸੀ ਜਦੋਂ ਮੈਂ ਇੱਕ ਅਜਿਹੇ ਆਦਮੀ ਵਿੱਚ ਅਧਿਆਤਮਿਕਤਾ ਦੇਖੀ ਸੀ ਜੋ ਈਸਾਈ ਧਰਮ ਦਾ ਦਾਅਵਾ ਕਰਦਾ ਸੀ। ਮੈਂ ਉਸ ਤੋਂ ਬਾਅਦ ਅਜਿਹੇ ਗੁਣਾਂ ਵਾਲੇ ਬਹੁਤ ਸਾਰੇ ਲੋਕਾਂ ਨੂੰ ਮਿਲਿਆ, ਪਰ ਇਹ ਮਰਟਨ ਸੀ ਜਿਸਨੇ ਮੈਨੂੰ ਈਸਾਈ ਸ਼ਬਦ ਦਾ ਸਹੀ ਅਰਥ ਸਿਖਾਇਆ।

ਸਾਡੀਆਂ ਮੀਟਿੰਗਾਂ ਬਹੁਤ ਖੁਸ਼ਹਾਲ ਮਾਹੌਲ ਵਿੱਚ ਹੋਈਆਂ। ਮਰਟਨ ਮਜ਼ਾਕੀਆ ਅਤੇ ਗਿਆਨਵਾਨ ਦੋਵੇਂ ਸੀ। ਮੈਂ ਉਸਨੂੰ 'ਕੈਥੋਲਿਕ ਗੇਸ਼ੇ' ਕਿਹਾ। ਅਸੀਂ ਆਪਸੀ ਹਿੱਤ ਦੇ ਬੌਧਿਕ ਅਤੇ ਅਧਿਆਤਮਿਕ ਮਾਮਲਿਆਂ ਬਾਰੇ ਗੱਲ ਕੀਤੀ ਅਤੇ ਮੱਠਵਾਦ ਬਾਰੇ ਜਾਣਕਾਰੀ ਦਾ ਆਦਾਨ-ਪ੍ਰਦਾਨ ਕੀਤਾ। ਮੈਂ ਪੱਛਮ ਦੇ ਮੱਠਵਾਦ ਅਭਿਆਸਾਂ ਬਾਰੇ ਸਭ ਕੁਝ ਸਿੱਖਣ ਦੀ ਕੋਸ਼ਿਸ਼ ਕੀਤੀ। ਉਸਨੇ ਮੈਨੂੰ ਬਹੁਤ ਸਾਰੀਆਂ ਗੱਲਾਂ ਦੱਸੀਆਂ ਜਿਨ੍ਹਾਂ ਨੇ ਮੈਨੂੰ ਹੈਰਾਨ ਕਰ ਦਿੱਤਾ। ਇੱਕ ਯਾਦਗਾਰੀ ਗੱਲ ਇਹ ਸੀ ਕਿ ਈਸਾਈ ਭਿਕਸ਼ੂ ਧਿਆਨ ਕਰਦੇ ਸਮੇਂ ਕੋਈ ਖਾਸ ਆਸਣ ਨਹੀਂ ਅਪਣਾਉਂਦੇ। ਮੈਨੂੰ ਲੱਗਦਾ ਹੈ ਕਿ ਆਸਣ ਅਤੇ ਸਾਹ ਲੈਣਾ ਵੀ ਮਹੱਤਵਪੂਰਨ ਹੈ। ਅਸੀਂ ਈਸਾਈ ਭਿਕਸ਼ੂਆਂ ਅਤੇ ਨਨਾਂ ਦੁਆਰਾ ਲਈਆਂ ਜਾਂਦੀਆਂ ਸੁੱਖਣਾਂ ਬਾਰੇ ਵੀ ਗੱਲ ਕੀਤੀ।

ਦੂਜੇ ਪਾਸੇ, ਮਰਟਨ ਮੈਨੂੰ ਬੋਧੀ ਆਦਰਸ਼ਾਂ ਬਾਰੇ ਹੋਰ ਅਤੇ ਹੋਰ ਪੁੱਛਦਾ ਰਿਹਾ। ਉਸਨੂੰ ਉਮੀਦ ਸੀ ਕਿ ਇੱਕ ਅਜਿਹਾ ਅਧਿਆਪਕ ਮਿਲੇਗਾ ਜੋ ਉਸਨੂੰ ਤੰਤਰਵਾਦ ਸਿਖਾਏਗਾ। ਕੁੱਲ ਮਿਲਾ ਕੇ, ਇਹ ਆਦਾਨ-

ਪ੍ਰਦਾਨ ਬਹੁਤ ਲਾਭਦਾਇਕ ਸੀ, ਕਿਉਂਕਿ ਮੈਂ ਉਸ ਤੋਂ ਸਿੱਖਿਆ ਸੀ ਕਿ ਬੁੱਧ ਧਰਮ ਅਤੇ ਕੈਥੋਲਿਕ ਧਰਮ ਵਿੱਚ ਬਹੁਤ ਸਾਰੀਆਂ ਸੰਭਾਵਨਾਵਾਂ ਹਨ। ਇਸ ਲਈ ਜਦੋਂ ਮੈਂ ਉਸਦੀ ਮੌਤ ਹੋ ਗਈ ਤਾਂ ਮੈਂ ਬਹੁਤ ਦੁਖੀ ਸੀ। ਮਰਟਨ ਸਾਡੇ ਦੋ ਵੱਖ-ਵੱਖ ਧਾਰਮਿਕ ਅਭਿਆਸਾਂ ਵਿਚਕਾਰ ਇੱਕ ਮਜ਼ਬੂਤ ਪੁਲ ਵਜੋਂ ਕੰਮ ਕਰਦਾ ਸੀ। ਅਤੇ ਇਸ ਤੋਂ ਵੀ ਮਹੱਤਵਪੂਰਨ ਗੱਲ ਇਹ ਹੈ ਕਿ ਉਸਨੇ ਮੈਨੂੰ ਇਹ ਸਮਝਣ ਵਿੱਚ ਮਦਦ ਕੀਤੀ ਕਿ ਹਰ ਧਰਮ, ਪਿਆਰ ਅਤੇ ਦਿਆਲਤਾ ਦੀਆਂ ਆਪਣੀਆਂ ਸਿੱਖਿਆਵਾਂ ਨਾਲ, ਚੰਗੇ ਇਨਸਾਨ ਪੈਦਾ ਕਰ ਸਕਦਾ ਹੈ।

ਫਾਦਰ ਥਾਮਸ ਮਰਟਨ ਨਾਲ ਮੇਰੀ ਮੁਲਾਕਾਤ ਤੋਂ ਬਾਅਦ, ਮੈਂ ਬਹੁਤ ਸਾਰੇ ਹੋਰ ਈਸਾਈਆਂ ਦੇ ਸੰਪਰਕ ਵਿੱਚ ਆਇਆ। ਯੂਰਪ ਦੀ ਆਪਣੀ ਯਾਤਰਾ ਦੌਰਾਨ, ਮੈਂ ਕਈ ਦੇਸ਼ਾਂ ਵਿੱਚ ਬਹੁਤ ਸਾਰੇ ਮੱਠਾਂ ਦਾ ਦੌਰਾ ਕੀਤਾ ਅਤੇ ਹਰੇਕ ਮੁਲਾਕਾਤ ਤੋਂ ਪ੍ਰਭਾਵਿਤ ਹੋਇਆ। ਮੈਨੂੰ ਮਿਲੇ ਭਿਕਸ਼ੂਆਂ ਦੇ ਸਮਰਪਣ ਤੋਂ ਈਰਖਾ ਹੋਈ। ਹਾਲਾਂਕਿ ਉਨ੍ਹਾਂ ਦੀ ਗਿਣਤੀ ਮੁਕਾਬਲਤਨ ਘੱਟ ਹੈ, ਉਨ੍ਹਾਂ ਦੀ ਗੁਣਵੱਤਾ ਅਤੇ ਸਮਰਪਣ ਬਹੁਤ ਉੱਚਾ ਹੈ। ਇਸ ਦੇ ਉਲਟ, ਅਸੀਂ ਜਲਾਵਤਨ ਤਿੱਬਤੀਆਂ ਵਿੱਚ ਬਹੁਤ ਜ਼ਿਆਦਾ ਭਿਕਸ਼ੂ ਹਨ। ਜਲਾਵਤਨ ਆਬਾਦੀ ਦਾ ਚਾਰ ਜਾਂ ਪੰਜ ਪ੍ਰਤੀਸ਼ਤ। ਪਰ ਉਹ ਸ਼ਰਧਾ ਕਿੱਥੇ ਹੈ?

ਮੈਂ ਸਿਹਤ ਅਤੇ ਸਿੱਖਿਆ ਲਈ ਸਮਰਪਿਤ ਸੰਸਥਾਵਾਂ ਰਾਹੀਂ ਈਸਾਈਆਂ ਦੇ ਕੰਮ ਤੋਂ ਵੀ ਬਹੁਤ ਪ੍ਰਭਾਵਿਤ ਹੋਇਆ। ਭਾਰਤ ਵਿੱਚ ਹੀ ਇਸ ਦੀਆਂ ਬਹੁਤ ਸਾਰੀਆਂ ਸ਼ਾਨਦਾਰ ਉਦਾਹਰਣਾਂ ਹਨ। ਅਸੀਂ ਇਸ ਖੇਤਰ ਵਿੱਚ ਆਪਣੇ ਈਸਾਈ ਭਰਾਵਾਂ ਤੋਂ ਬਹੁਤ ਕੁਝ ਸਿੱਖ ਸਕਦੇ ਹਾਂ। ਇਹ ਕਿੰਨਾ ਲਾਭਦਾਇਕ ਹੋਵੇਗਾ ਜੇਕਰ ਬੋਧੀ ਵੀ ਸਮਾਜ ਵਿੱਚ ਅਜਿਹਾ ਯੋਗਦਾਨ ਪਾ ਸਕਣ। ਮੈਨੂੰ ਲੱਗਦਾ ਹੈ ਕਿ ਬੋਧੀ ਭਿਖਸ਼ੂ ਅਤੇ ਭਿਖਸ਼ਣੀਆਂ ਦਇਆ ਬਾਰੇ ਬਹੁਤ ਗੱਲਾਂ ਕਰਦੇ ਹਨ, ਪਰ ਸਿਰਫ਼ ਸ਼ਬਦਾਂ ਵਿੱਚ। ਮੈਂ ਇਸ ਮਾਮਲੇ 'ਤੇ ਤਿੱਬਤੀਆਂ ਅਤੇ ਹੋਰ ਬੋਧੀਆਂ ਨਾਲ ਕਈ ਵਾਰ ਗੱਲ ਕੀਤੀ ਹੈ ਅਤੇ ਅਜਿਹੇ

ਸੰਸਥਾਨਾਂ ਦੇ ਗਠਨ ਨੂੰ ਉਤਸ਼ਾਹ ਨਾਲ ਉਤਸ਼ਾਹਿਤ ਕਰ ਰਿਹਾ ਹਾਂ। ਪਰ ਇਹ ਵੀ ਸੱਚ ਹੈ ਕਿ ਜੇਕਰ ਅਸੀਂ ਈਸਾਈਆਂ ਤੋਂ ਕੁਝ ਸਿੱਖ ਸਕਦੇ ਹਾਂ, ਤਾਂ ਉਹ ਸਾਡੇ ਤੋਂ ਵੀ ਕੁਝ ਸਿੱਖ ਸਕਦੇ ਹਨ। ਉਦਾਹਰਣ ਵਜੋਂ, ਧਿਆਨ ਦੀਆਂ ਤਕਨੀਕਾਂ ਅਤੇ ਮਨ ਦੀ ਇਕ-ਨੁਕਾਤੀ ਇਕਾਗਰਤਾ ਜੋ ਅਸੀਂ ਵਿਕਸਤ ਕੀਤੀ ਹੈ, ਧਾਰਮਿਕ ਜੀਵਨ ਦੇ ਹੋਰ ਖੇਤਰਾਂ ਵਿੱਚ ਉਨ੍ਹਾਂ ਨੂੰ ਲਾਭ ਪਹੁੰਚਾ ਸਕਦੀ ਹੈ।

1960 ਦੇ ਦਹਾਕੇ ਦਾ ਅੰਤ, ਭਾਰਤ, ਨੇਪਾਲ ਅਤੇ ਭੂਟਾਨ ਵਿੱਚ ਇੱਕ ਲੱਖ ਜਲਾਵਤਨ ਤਿੱਬਤੀਆਂ ਨੂੰ ਮੁੜ ਵਸਾਉਣ ਦੇ ਸੁਪਨੇ ਦੇ ਸੱਚ ਹੋਣ ਨਾਲ ਹੋਇਆ । ਹਾਲਾਂਕਿ ਤਿੱਬਤ ਤੋਂ ਰਿਪੋਰਟਾਂ ਬਹੁਤ ਨਿਰਾਸ਼ਾਜਨਕ ਸਨ,

ਮੈਂ ਭਵਿੱਖ ਵੱਲ ਸੱਚੀ ਅਤੇ ਮਜ਼ਬੂਤ ਆਸ਼ਾਵਾਦ ਦੀ ਭਾਵਨਾ ਨਾਲ ਦੇਖ ਰਿਹਾ ਸੀ । ਪਰ ਮੇਰੇ ਨਿਯੰਤਰਣ ਤੋਂ ਬਾਹਰ ਘਟਨਾਵਾਂ ਦੀ ਇੱਕ ਲੜੀ ਮੇਰੇ ਮਨ ਨੂੰ ਭਵਿੱਖ ਵੱਲ ਮੋੜ ਰਹੀ ਸੀ। ਘਟਨਾਵਾਂ ਦੀ ਲੜੀ ਨੇ ਮੈਨੂੰ ਫਿਰ ਯਾਦ ਦਿਵਾਇਆ ਕਿ ਸਾਡੀ ਸਥਿਤੀ ਕਿੰਨੀ ਡਾਂਵਾਡੋਲ ਹੈ।

ਪਹਿਲਾ ਚਾਰ ਹਜ਼ਾਰ ਦੇ ਕਰੀਬ ਸ਼ਰਨਾਰਥੀਆਂ ਡੀ ਚਿੰਤਾ ਹੈ ਜੋ ਭੂਟਾਨ ਵਿੱਚ ਵਸ ਗਏ ਸਨ। ਭੂਟਾਨ ਦਾ ਰਾਜ ਭਾਰਤ ਦੀ ਪੂਰਬੀ ਸਰਹੱਦ 'ਤੇ ਅਤੇ ਤਿੱਬਤ ਦੇ ਕੇਂਦਰੀ ਪ੍ਰਾਂਤ ਉਤਸਾਂਗ ਦੇ ਦੱਖਣ ਵਿੱਚ ਇੱਕ ਦੂਰ-ਦੁਰਾਡੇ ਦੇਸ਼ ਹੈ। ਤਿੱਬਤ ਵਾਂਗ ਇਹ ਇੱਕ ਅਜਿਹਾ ਦੇਸ਼ ਹੈ ਜਿੱਥੇ ਵੱਡੇ ਪਹਾੜ ਹਨ ਅਤੇ ਸਾਡੇ ਵਰਗੇ ਬੁੱਧ ਧਰਮ ਨੂੰ ਸਮਰਪਿਤ ਲੋਕ ਹਨ। ਤਿੱਬਤ ਦੇ ਉਲਟ ਇਹ ਸੰਯੁਕਤ ਰਾਸ਼ਟਰ ਦਾ ਪੂਰਾ ਮੈਂਬਰ ਹੈ।

ਭੂਟਾਨ ਦੇ ਸਵਰਗਵਾਸੀ ਰਾਜਾ ਉਨ੍ਹਾਂ ਤਿੱਬਤੀਆਂ ਪ੍ਰਤੀ ਬਹੁਤ ਉਦਾਰ ਸਨ ਜਿਨ੍ਹਾਂ ਨੇ ਉਸ ਦੇਸ਼ ਵਿੱਚ ਸ਼ਰਨ ਲਈ ਸੀ। ਭਾਰਤ ਸਰਕਾਰ ਦੀ ਮਦਦ ਨਾਲ ਉਨ੍ਹਾਂ ਨੇ ਮੇਰੇ ਲੋਕਾਂ ਨੂੰ ਜ਼ਮੀਨ ਅਤੇ ਆਵਾਜਾਈ ਦੇ ਕੇ ਖੇਤੀਬਾੜੀ ਬਸਤੀਆਂ ਬਣਾਉਣ ਵਿੱਚ ਮਦਦ ਕੀਤੀ।

ਸ਼ੁਰੂ ਵਿੱਚ ਸਭ ਕੁਝ ਠੀਕ ਸੀ ਅਤੇ ਤਿੱਬਤੀ ਬਹੁਤ ਖੁਸ਼ ਸਨ। ਜਦੋਂ ਮੈਂ 1974 ਵਿੱਚ ਬੋਧਗਯਾ ਵਿੱਚ ਕਾਲਚੱਕਰ ਸਮਾਰੋਹ ਕੀਤਾ ਤਾਂ ਮੈਂ ਉਨ੍ਹਾਂ ਦੇ ਇੱਕ ਸਮੂਹ ਨੂੰ ਮਿਲਿਆ ਅਤੇ ਉਨ੍ਹਾਂ ਨੇ ਮੈਨੂੰ ਦੱਸਿਆ ਕਿ ਸਭ ਕੁਝ ਠੀਕ ਹੈ। ਉਹ ਆਪਣੇ ਮੇਜ਼ਬਾਨਾਂ, ਖਾਸ ਕਰਕੇ ਨਵੇਂ ਰਾਜਾ ਜਿਗਮੇ ਵਾਂਗਚੱਕ ਦੀ ਬਹੁਤ ਕਦਰ ਕਰਦੇ ਸਨ। ਉਨ੍ਹਾਂ ਨੇ ਰਾਜ ਦੇ ਮਾਮਲਿਆਂ ਨੂੰ ਸੰਭਾਲਣ ਵਿੱਚ ਪਰਿਪੱਕਤਾ ਦਿਖਾਈ ਸੀ। ਪਰ ਕੁਝ ਮਹੀਨਿਆਂ ਬਾਅਦ ਚੀਜ਼ਾਂ ਵਿਗੜ ਗਈਆਂ। ਤਿੱਬਤੀ ਭਾਈਚਾਰੇ ਦੇ ਬਾਈ ਪ੍ਰਮੁੱਖ ਮੈਂਬਰਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ, ਤਸੀਹੇ ਦਿੱਤੇ ਗਏ ਅਤੇ ਬਿਨਾਂ ਕਿਸੇ ਮੁਕੱਦਮੇ ਦੇ ਰਾਜਧਾਨੀ ਥਿੰਪੂ ਦੀ ਇੱਕ ਜੇਲ੍ਹ ਵਿੱਚ ਸੁੱਟ ਦਿੱਤਾ ਗਿਆ। ਮੇਰਾ ਨਿੱਜੀ ਪ੍ਰਤੀਨਿਧੀ ਲਹਾਡਿੰਗ (ਸਵਰਗਵਾਨ ਰਾਜਾ ਦਾ ਰਿਸ਼ਤੇਦਾਰ) ਉਨ੍ਹਾਂ ਵਿੱਚੋਂ ਸੀ। ਮੈਂ ਇਸ ਖ਼ਬਰ ਤੋਂ ਹੈਰਾਨ ਰਹਿ ਗਿਆ ਅਤੇ ਮਹਿਸੂਸ ਕੀਤਾ ਕਿ ਪੂਰੀ ਜਾਂਚ ਹੋਣੀ ਚਾਹੀਦੀ ਹੈ। ਹਾਲਾਂਕਿ ਮੈਂ ਇਨ੍ਹਾਂ ਵਿਅਕਤੀਆਂ ਵਿਰੁੱਧ ਸਾਜ਼ਿਸ਼ ਦੇ ਦੋਸ਼ਾਂ 'ਤੇ ਵਿਸ਼ਵਾਸ ਨਹੀਂ ਕਰਦਾ ਸੀ, ਪਰ ਜਾਂਚ ਕਦੇ ਨਹੀਂ ਕੀਤੀ ਗਈ ਅਤੇ ਸੱਚਾਈ ਕਦੇ ਸਾਹਮਣੇ ਨਹੀਂ ਆਈ। ਮੈਨੂੰ ਬਾਅਦ ਵਿੱਚ ਪਤਾ ਲੱਗਾ ਕਿ ਇਨ੍ਹਾਂ ਤਿੱਬਤੀਆਂ ਨੂੰ ਭੂਟਾਨੀ ਸਰਕਾਰ ਦੇ ਅੰਦਰੂਨੀ ਮਾਮਲੇ ਵਿੱਚ ਬਲੀ ਦਾ ਬੱਕਰਾ ਬਣਾਇਆ ਜਾ ਰਿਹਾ ਸੀ।

ਇਸ ਮੰਦਭਾਗੀ ਘਟਨਾ ਤੋਂ ਬਾਅਦ, ਬਹੁਤ ਸਾਰੇ ਤਿੱਬਤੀਆਂ ਨੇ ਭੂਟਾਨ ਛੱਡਣ ਦਾ ਫੈਸਲਾ ਕੀਤਾ। ਪਰ ਜੋ ਲੋਕ ਰਹਿ ਗਏ ਉਹ ਸ਼ਾਂਤੀ ਨਾਲ ਰਹਿ ਰਹੇ ਹਨ ਭਾਵੇਂ ਕਿ ਉਨ੍ਹਾਂ ਵਿਰੁੱਧ ਅਜੇ ਵੀ ਕੁਝ ਸ਼ੱਕ ਅਤੇ ਨਾਰਾਜ਼ਗੀ ਹੈ। ਫਿਰ ਵੀ, ਮੈਂ ਭੂਟਾਨੀ ਲੋਕਾਂ ਅਤੇ ਸਰਕਾਰ ਦਾ ਉਨ੍ਹਾਂ ਦੀ ਦਿਆਲਤਾ ਲਈ ਧੰਨਵਾਦੀ

ਹਾਂ ਅਤੇ ਵਿਸ਼ਵਾਸ ਕਰਦਾ ਹਾਂ ਕਿ ਭਵਿੱਖ ਵਿੱਚ ਸਾਡੇ ਰਵਾਇਤੀ ਦੋਸਤਾਨਾ ਸਬੰਧ ਪੂਰੀ ਤਰ੍ਹਾਂ ਬਹਾਲ ਹੋ ਜਾਣਗੇ।

ਦੂਜਾ ਦੁਖਦਾਈ ਘਟਨਾ ਸੀ ਆਈ ਏ ਦੁਆਰਾ ਸਿਖਲਾਈ ਪ੍ਰਾਪਤ ਅਤੇ ਲੈਸ ਗੁਰੀਲਿਆਂ ਵਾਰੇ ਹੈ ਜੋ ਹਿੰਸਕ ਤਰੀਕਿਆਂ ਨਾਲ ਤਿੱਬਤੀ ਆਜ਼ਾਦੀ ਮੁੜ ਪ੍ਰਾਪਤ ਕਰਨ ਲਈ ਲੜੇ ਸਨ। ਮੈਂ ਗਿਆਲੋ ਥੋਂਡੁਪ ਅਤੇ ਹੋਰਾਂ ਤੋਂ ਇਸ ਕਾਰਵਾਈ ਦਾ ਵਿਸਤ੍ਰਿਤ ਵੇਰਵਾ ਲੈਣ ਦੀ ਕਈ ਵਾਰ ਕੋਸ਼ਿਸ਼ ਕੀਤੀ ਹੈ ਪਰ ਪੂਰੀ ਕਹਾਣੀ ਕਦੇ ਸਾਹਮਣੇ ਨਹੀਂ ਆਈ। ਮੈਂ ਜਾਣਦਾ ਹਾਂ ਕਿ 1960 ਵਿੱਚ ਤਿੱਬਤ ਦੀ ਸਰਹੱਦ 'ਤੇ ਨੇਪਾਲ ਦੇ ਇੱਕ ਦੂਰ-ਦੁਰਾਡੇ ਖੇਤਰ ਵਿੱਚ ਮਸਤੰਗ ਨਾਮਕ ਜਗ੍ਹਾ 'ਤੇ ਇੱਕ ਗੁਰੀਲਾ ਕੈਂਪ ਸਥਾਪਤ ਕੀਤਾ ਗਿਆ ਸੀ। ਸ਼ਰਨਾਰਥੀ ਭਾਈਚਾਰੇ ਦੇ ਕਈ ਹਜ਼ਾਰ ਆਦਮੀ ਉੱਥੇ ਇਕੱਠੇ ਹੋਏ ਸਨ। ਹਾਲਾਂਕਿ ਅਮਰੀਕੀਆਂ ਤੋਂ ਅਸਲ ਸਿਖਲਾਈ ਪ੍ਰਾਪਤ ਕਰਨ ਵਾਲਿਆਂ ਦਾ ਅਨੁਪਾਤ ਬਹੁਤ ਘੱਟ ਸੀ, ਬਦਕਿਸਮਤੀ ਨਾਲ ਕੈਂਪ ਦੀ ਦੇਖਭਾਲ ਦੀ ਪ੍ਰਕਿਰਿਆ ਚੰਗੀ ਤਰ੍ਹਾਂ ਯੋਜਨਾਬੱਧ ਨਹੀਂ ਸੀ।

170 ਅਜ਼ਾਦ ਸ਼ਰਨਾਰਥੀ

ਨਤੀਜੇ ਵਜੋਂ, ਹਮਲਾਵਰ ਬਣਨ ਵਾਲੇ ਹਮਲਾਵਰਾਂ ਨੂੰ ਬਹੁਤ ਸਾਰੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ, ਹਾਲਾਂਕਿ ਇਹ ਤਿੱਬਤ ਦੇ ਅੰਦਰ ਹੀ ਲੜ ਰਹੇ ਬਹੁਤ ਸਾਰੇ ਬਹਾਦਰ ਆਜ਼ਾਦੀ ਘੁਲਾਟੀਆਂ ਦੁਆਰਾ ਦਰਪੇਸ਼ ਖ਼ਤਰਿਆਂ ਦੇ ਮੁਕਾਬਲੇ ਕੁਝ ਵੀ ਨਹੀਂ ਸਨ।

ਜਦੋਂ ਕੈਂਪ ਪੂਰੀ ਤਰ੍ਹਾਂ ਕਾਰਜਸ਼ੀਲ ਸੀ, ਤਾਂ ਗੁਰੀਲਿਆਂ ਨੇ ਕਈ ਮੌਕਿਆਂ 'ਤੇ ਚੀਨੀਆਂ ਨੂੰ ਔਖਾ ਕੀਤਾ , ਇੱਕ ਵਾਰ ਤਾਂ ਇੱਕ ਕਾਫ਼ਲੇ ਨੂੰ ਵੀ ਤਬਾਹ ਕਰ ਦਿੱਤਾ, ਜਿਸ ਵਿੱਚ ਉਨ੍ਹਾਂ ਨੇ ਮਾਰਚ 1959 ਅਤੇ ਸਤੰਬਰ 1960 ਦੇ ਵਿਚਕਾਰ ਲਹਾਸਾ ਵਿੱਚ 87,000 ਮੌਤਾਂ ਦੇ ਦਸਤਾਵੇਜ਼ ਹਾਸਲ ਕੀਤੇ। ਇਨ੍ਹਾਂ

ਸਫਲਤਾਵਾਂ ਦਾ ਇੱਕ ਸਕਾਰਾਤਮਕ ਨਤੀਜਾ ਇਹ ਸੀ ਕਿ ਉਨ੍ਹਾਂ ਦਾ ਮਨੋਬਲ ਵਧਿਆ । ਪਰ ਇਹ ਮੁਹਿੰਮ ਲਗਾਤਾਰ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਨਹੀਂ ਚਲਾਈ ਗਈ, ਜਿਸ ਨੇ ਸ਼ਾਇਦ ਤਿੱਬਤੀ ਲੋਕਾਂ ਦੇ ਦੁੱਖਾਂ ਨੂੰ ਹੀ ਵਧਾਇਆ। ਇਸ ਤੋਂ ਵੀ ਮਾੜੀ ਗੱਲ ਇਹ ਹੈ ਕਿ ਇਨ੍ਹਾਂ ਗਤੀਵਿਧੀਆਂ ਨੇ ਚੀਨੀ ਸਰਕਾਰ ਨੂੰ ਉਨ੍ਹਾਂ ਲੋਕਾਂ 'ਤੇ ਦੋਸ਼ ਲਗਾਉਣ ਦੀ ਇਜਾਜ਼ਤ ਦਿੱਤੀ ਜਿਨ੍ਹਾਂ ਨੇ ਵਿਦੇਸ਼ੀ ਸ਼ਕਤੀਆਂ ਦੀਆਂ ਕਾਰਵਾਈਆਂ ਤੋਂ ਤਿੱਬਤੀ ਆਜ਼ਾਦੀ ਮੁੜ ਪ੍ਰਾਪਤ ਕੀਤੀ ਸੀ, ਜਦੋਂ ਕਿ ਇਹ ਸਭ ਤਿੱਬਤੀ ਲੋਕਾਂ ਦੀ ਪਹਿਲਕਦਮੀ ਹੀ ਸੀ।

1970 ਦੇ ਦਹਾਕੇ ਵਿੱਚ ਅਮਰੀਕੀਆਂ ਦੁਆਰਾ ਚੀਨੀ ਸਰਕਾਰ ਨੂੰ ਮਾਨਤਾ ਦੇਣ ਤੋਂ ਬਾਅਦ, ਉਨ੍ਹਾਂ ਗੁਰੀਲਿਆਂ ਦਾ ਸਮਰਥਨ ਕਰਨਾ ਬੰਦ ਕਰ ਦਿੱਤਾ, ਜਿਸ ਤੋਂ ਪਤਾ ਚੱਲਿਆ ਕਿ ਉਨ੍ਹਾਂ ਦਾ ਸਮਰਥਨ ਉਨ੍ਹਾਂ ਦੀਆਂ ਕਮਿਊਨਿਸਟ ਵਿਰੋਧੀ ਨੀਤੀਆਂ ਦਾ ਪ੍ਰਤੀਬਿੰਬ ਸੀ। ਇਹ ਤਿੱਬਤੀ ਆਜ਼ਾਦੀ ਦੀ ਬਹਾਲੀ ਲਈ ਨਹੀਂ ਸੀ।

ਪਰ ਗੁਰੀਲੇ ਲੜਨ ਲਈ ਦ੍ਰਿੜ ਸਨ। ਇਸ ਲਈ ਚੀਨੀ ਸਰਕਾਰ, ਜੋ ਕਿ ਉਨ੍ਹਾਂ ਦੀਆਂ ਗਤੀਵਿਧੀਆਂ ਤੋਂ ਤੰਗ ਆ ਚੁੱਕੀ ਹੋਵੇਗੀ , ਨੇ ਨੇਪਾਲ ਸਰਕਾਰ ਨੂੰ ਮਸਤੰਗ ਵਿੱਚ ਗੁਰੀਲਿਆਂ ਨੂੰ ਹਥਿਆਰ ਛੱਡਣ ਵਾਸਤੇ ਮਨਾਉਣ ਲਈ ਕਿਹਾ, ਭਾਵੇਂ ਕਿ ਤਿੱਬਤੀਆਂ ਅਤੇ ਨੇਪਾਲ ਸਰਕਾਰ ਵਿਚਕਾਰ ਕੋਈ ਪ੍ਰਬੰਧ ਰਹੇ ਹੋਣਗੇ । ਪਰ ਜਦੋਂ ਉਨ੍ਹਾਂ ਨੇ ਅਜਿਹਾ ਕਰਨ ਦੀ ਕੋਸ਼ਿਸ਼ ਕੀਤੀ, ਤਾਂ ਗੁਰੀਲਿਆਂ ਨੇ ਇਨਕਾਰ ਕਰ ਦਿੱਤਾ, ਇਹ ਕਹਿੰਦੇ ਹੋਏ ਕਿ ਉਹ ਲੜਨਾ ਜਾਰੀ ਰੱਖਣਗੇ ਭਾਵੇਂ ਉਨ੍ਹਾਂ ਨੂੰ ਨੇਪਾਲ ਫੌਜ ਨਾਲ ਹੀ ਕਿਉਂ ਨ ਲੜਨਾ ਪਵੇ।

ਮੈਂ ਹਮੇਸ਼ਾ ਗੁਰੀਲਿਆਂ ਦੇ ਇਰਾਦਿਆਂ ਦੀ ਪ੍ਰਸ਼ੰਸਾ ਕੀਤੀ ਹੈ। ਪਰ ਮੈਂ ਕਦੇ ਵੀ ਉਨ੍ਹਾਂ ਦੀਆਂ ਕਾਰਵਾਈਆਂ ਦੇ ਹੱਕ ਵਿੱਚ ਨਹੀਂ ਰਿਹਾ। ਫਿਰ ਮੈਨੂੰ ਦਖਲ ਦੇਣ ਦੀ ਜ਼ਰੂਰਤ ਮਹਿਸੂਸ ਹੋਈ। ਮੈਨੂੰ ਪਤਾ ਸੀ ਕਿ ਹੁਣ ਉਨ੍ਹਾਂ ਨੂੰ ਪ੍ਰਭਾਵਿਤ ਕਰਨ ਦਾ ਇੱਕੋ ਇੱਕ ਤਰੀਕਾ ਨਿੱਜੀ ਅਪੀਲ ਰਾਹੀਂ ਸੀ। ਇਸ ਅਨੁਸਾਰ, ਮੈਂ ਸਾਬਕਾ ਕੁਸੁਨ ਡੇਪੋਨ ਪੀ.ਟੀ. ਟਕਲਾ ਨੂੰ ਮੇਰਾ ਟੇਪ ਕੀਤਾ ਸੁਨੇਹਾ ਉਨ੍ਹਾਂ ਤੱਕ ਪਹੁੰਚਾਉਣ ਲਈ ਕਿਹਾ। ਇਸ ਵਿੱਚ ਮੈਂ ਕਿਹਾ ਸੀ ਕਿ ਨੇਪਾਲੀਆਂ ਨਾਲ ਲੜਨ ਦਾ ਕੋਈ ਮਤਲਬ ਨਹੀਂ ਹੈ, ਇਸ ਲਈ ਕਿ ਹਜ਼ਾਰਾਂ ਤਿੱਬਤੀ ਸ਼ਰਨਾਰਥੀਆਂ ਨੂੰ ਜੋ ਨੇਪਾਲ ਵਿੱਚ ਵਸੇ ਹੋਏ ਹਨ, ਨੂੰ ਵੀ ਦੁੱਖ ਝੱਲਣਾ ਪੈ ਸਕਦਾ ਹੈ। ਇਸ ਦੀ ਬਜਾਏ ਉਨ੍ਹਾਂ ਨੂੰ ਨੇਪਾਲੀ ਸਰਕਾਰ ਦਾ ਧੰਨਵਾਦੀ ਹੋਣਾ ਚਾਹੀਦਾ ਹੈ। ਇਸ ਲਈ ਉਨ੍ਹਾਂ ਨੂੰ ਆਪਣੇ ਹਥਿਆਰ ਸੁੱਟ ਦੇਣੇ ਚਾਹੀਦੇ ਹਨ ਅਤੇ ਸ਼ਾਂਤੀ ਨਾਲ ਸੈਟਲ ਹੋ ਜਾਣਾ ਚਾਹੀਦਾ ਹੈ। ਤਿੱਬਤੀ ਸੰਘਰਸ਼ ਨੂੰ ਇੱਕ ਲੰਬੇ ਸਮੇਂ ਦੀ ਨੀਤੀ ਦੀ ਲੋੜ ਹੈ।

ਪੀ.ਟੀ. ਟਕਲਾ ਨੇ ਮੈਨੂੰ ਦੱਸਿਆ ਕਿ ਇਸ ਤੋਂ ਬਾਅਦ ਬਹੁਤ ਸਾਰੇ ਲੋਕਾਂ ਨੂੰ ਲੱਗਾ ਕਿ ਉਨ੍ਹਾਂ ਨਾਲ ਧੋਖਾ ਹੋਇਆ ਹੈ। ਉਨ੍ਹਾਂ ਦੇ ਕੁਝ ਆਗੂਆਂ ਨੇ ਅਸਲ ਵਿੱਚ ਪਿੱਛੇ ਜਾਣ ਦੀ ਬਜਾਏ ਆਪਣੀ ਧੌਣ ਲੁਹਾ ਲਈ । ਇਹ ਸੁਣ ਕੇ ਮੈਨੂੰ ਬਹੁਤ ਦੁੱਖ ਹੋਇਆ। ਅਸਲ ਵਿੱਚ ਆਜ਼ਾਦੀ ਘੁਲਾਟੀਆਂ ਨੂੰ ਅਪੀਲ ਕਰਦੇ ਸਮੇਂ ਮੇਰੇ ਮਨ ਵਿੱਚ ਮਿਸ਼ਰਤ ਭਾਵਨਾਵਾਂ ਸਨ। ਇੱਕ ਤਰ੍ਹਾਂ ਨਾਲ ਅਜਿਹੀ ਬਹਾਦਰੀ, ਅਜਿਹੀ ਸ਼ਰਧਾ, ਤਿੱਬਤ ਲਈ ਅਜਿਹੇ ਪਿਆਰ ਨੂੰ ਚੁਣੌਤੀ ਦੇਣਾ ਗਲਤ ਸੀ। ਪਰ ਅੰਦਰੋਂ ਮੈਨੂੰ ਪਤਾ ਸੀ ਕਿ ਇਹ ਕਰਨਾ ਸਹੀ ਸੀ।

ਜ਼ਿਆਦਾਤਰ ਗੁਰੀਲਿਆਂ ਨੇ ਆਪਣੇ ਹਥਿਆਰ ਸੁੱਟ ਦਿੱਤੇ। ਪਰ ਕੁਝ ਕੁ, ਸ਼ਾਇਦ ਸੌ ਤੋਂ ਘੱਟ, ਨੇ ਮੇਰੀ ਬੇਨਤੀ ਨੂੰ ਨਜ਼ਰਅੰਦਾਜ਼ ਕਰ ਦਿੱਤਾ। ਨਤੀਜੇ ਵਜੋਂ, ਨੇਪਾਲੀ ਫੌਜ ਦੁਆਰਾ ਉਨ੍ਹਾਂ ਦਾ ਪਿੱਛਾ ਕੀਤਾ ਗਿਆ ਜਦੋਂ ਉਹ ਸਰਹੱਦ ਪਾਰ ਕਰ ਰਹੇ ਸਨ। ਅੰਤ ਵਿੱਚ ਉਹ ਇੱਕ ਘਾਤ ਵਿੱਚ ਫਸ ਗਏ ਅਤੇ ਉਨ੍ਹਾਂ ਨੂੰ ਉਸ ਹਿੰਸਕ ਮੌਤ ਦਾ ਸਾਹਮਣਾ ਕਰਨਾ ਪਿਆ ਜਿਸਦੀ ਉਨ੍ਹਾਂ ਨੂੰ ਉਮੀਦ ਸੀ। ਇਸ ਤਰ੍ਹਾਂ ਤਿੱਬਤੀ ਇਤਿਹਾਸ ਦਾ ਸਭ ਤੋਂ ਦੁਖਦਾਈ ਘਟਨਾਕ੍ਰਮ ਖਤਮ ਹੋਇਆ।

****

sjeet